ਅਧਿਆਇ ਪੰਜਵਾਂ

# ਰਾਣੀ ਨਗਿੰਦਰ ਕੌਰ ਅਤੇ ਪ੍ਰਵੇਜ਼ ਸੰਧੂ ਦੀਆਂ ਕਹਾਣੀਆਂ ਵਿੱਚ ਪਰਵਾਸੀ ਪੰਜਾਬੀ ਔਰਤ

**ਅਧਿਆਇ ਪੰਜਵਾਂ**

## ਰਾਣੀ ਨਗਿੰਦਰ ਕੌਰ ਅਤੇ ਪ੍ਰਵੇਜ਼ ਸੰਧੂ ਦੀਆਂ ਕਹਾਣੀਆਂ ਵਿੱਚ ਪਰਵਾਸੀ ਪੰਜਾਬੀ ਔਰਤ

ਪਰਵਾਸੀ ਪੰਜਾਬੀ ਕਹਾਣੀ ਸਾਹਿਤ ਦੇ ਖੇਤਰ ਵਿੱਚ ਰਾਣੀ ਨਗਿੰਦਰ ਕੌਰ ਅਤੇ ਪ੍ਰਵੇਜ਼ ਸੰਧੂ ਦਾ ਨਾਂ ਵਿਸ਼ੇਸ਼ ਤੌਰ 'ਤੇ ਗਿਣਿਆ ਜਾਂਦਾ ਹੈ। ਲੰਮੇ ਸਮੇਂ ਤੋਂ ਅਮਰੀਕੀ ਸਮਾਜ-ਸਭਿਆਚਾਰ ਵਿੱਚ ਵਿਚਰ ਰਹੀਆਂ ਇਹਨਾਂ ਕਹਾਣੀਕਾਰਾਂ ਨੇ ਪਰਵਾਸੀ ਪੰਜਾਬੀ ਨਾਰੀ ਦੀ ਸਥਿਤੀ, ਉਸਦੇ ਅੰਤਰਮਨ ਦੀ ਵੇਦਨਾ, ਉਸ ਦੀਆਂ ਅੰਤਰੀਵੀ ਖ਼ਾਹਿਸ਼ਾਂ, ਮਾਨਸਿਕ ਉਲਝਣਾਂ ਨੂੰ ਗਹਿਰਾਈ ਨਾਲ ਅਨੁਭਵ ਕੀਤਾ ਅਤੇ ਆਪਣੀਆਂ ਕਹਾਣੀਆਂ ਦਾ ਵਸਤੂ ਬਣਾਇਆ। ਰਾਣੀ ਨਗਿੰਦਰ ਕੌਰ ਦੇ ਹੁਣ ਤੱਕ ਦੋ ਕਹਾਣੀ ਸੰਗ੍ਰਹਿ ਧੁਖਦਾ ਸ਼ਹਿਰ (1966) ਤੇ ਗਰਾਊਂਡ ਜ਼ੀਰੋ (2008) ਅਤੇ ਪ੍ਰਵੇਜ਼ ਸੰਧੂ ਦੇ ਵੀ ਦੋ ਕਹਾਣੀ ਸੰਗ੍ਰਹਿ ਮੁੱਠੀ ਭਰ ਸੁਪਨੇ (1997) ਤੇ ਟਹਾਣੀਉਂ ਟੁੱਟੇ (2005) ਪ੍ਰਕਾਸ਼ਿਤ ਹੋ ਚੁੱਕੇ ਹਨ। ਇੱਥੇ ਅਸੀਂ ਗਰਾਊਂਡ ਜ਼ੀਰੋ ਅਤੇ ਟਾਹਣੀਉਂ ਟੁੱਟੇ ਕਥਾ ਸੰਗ੍ਰਹਿਆਂ ਵਿਚਲੀਆਂ ਕਹਾਣੀਆਂ ਵਿੱਚ ਪੇਸ਼ ਪਰਵਾਸੀ ਪੰਜਾਬੀ ਔਰਤ ਦੀ ਸਮਾਜਿਕ, ਆਰਥਿਕ ਅਤੇ ਮਾਨਸਿਕ ਸਥਿਤੀ, ਗਲੋਬਲੀ ਸਭਿਆਚਾਰ ਦੇ ਸਨਮੁੱਖ ਔਰਤ-ਮਰਦ ਸੰਬੰਧਾਂ ਦੀਆਂ ਬਦਲ ਰਹੀਆਂ ਸਮੀਕਰਣਾਂ, ਬਦਲੀਆਂ ਪ੍ਰਸਥਿਤੀਆਂ ਦੇ ਸੰਦਰਭ ਵਿੱਚ ਪਰਵਾਸੀ ਪੰਜਾਬੀ ਔਰਤ ਦੀ ਪਰਵਰਤਿਤ ਹੋ ਰਹੀ ਮਾਨਸਿਕਤਾ, ਪਰਵਾਸੀ ਪੰਜਾਬੀ ਔਰਤ ਅਤੇ ਮਰਦ ਦੀ ਪਿੱਤਰਕੀ ਸੋਚ ਦੇ ਫਲਸਰੂਪ ਰਿਸ਼ਤਿਆਂ ਵਿੱਚ ਪੈਦਾ ਹੋ ਰਹੇ ਤਣਾਉ, ਲੈਸਬੀਅਨ ਰਿਸ਼ਤਿਆਂ ਦਾ ਸਮਾਜ-ਸਭਿਆਚਾਰਕ ਸੰਕਟ ਆਦਿ ਸਰੋਕਾਰਾਂ ਨੂੰ ਨਾਰੀਵਾਦੀ ਪਰਿਪੇਖ ਵਿੱਚ ਰੱਖ ਕੇ ਵਾਚਣ ਦਾ ਯਤਨ ਕਰਾਂਗੇ। ਰਾਣੀ ਨਗਿੰਦਰ ਕੌਰ ਦੀਆਂ ਕਹਾਣੀਆਂ ਔਰਤ-ਮਰਦ ਸੰਬੰਧਾਂ ਵਿੱਚ ਕਾਰਜਸ਼ੀਲ ਪਿੱਤਰੀ ਰਾਜਨੀਤੀ ਨੂੰ ਨਵ-ਪੂੰਜੀਵਾਦੀ ਵਰਤਾਰਿਆਂ ਦੇ ਸੰਦਰਭ ਵਿੱਚ ਰੱਖ ਕੇ ਪੇਸ਼ ਕਰਦੀਆਂ ਹਨ। ਕਹਾਣੀਕਾਰ ਪੰਜਾਬੀ ਮਰਦ ਦੀ ਪੈਤਰਿਕ ਮਾਨਸਿਕਤਾ ਕਾਰਨ ਦੁਖਾਂਤ ਭੋਗਦੀ ਭਾਰਤੀ ਅਤੇ ਪਰਵਾਸੀ ਪੰਜਾਬੀ ਔਰਤ ਦੀ ਮਨੋਵੇਦਨਾ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਰੂਪਮਾਨ ਕਰਦੀ ਹੈ। ਡਾ. ਹਰਚੰਦ ਸਿੰਘ ਬੇਦੀ ਅਨੁਸਾਰ :

> ਰਾਣੀ ਨਗਿੰਦਰ ਨੇ ਇਸਤਰੀ ਕਲਮਕਾਰ ਹੋਣ ਕਰਕੇ, ਔਰਤ ਦੇ ਮਨ-ਅੰਤਰ ਦੀਆਂ, ਪ੍ਰਾਕ੍ਰਿਤਕ ਤੇ ਸਭਿਆਚਾਰਕ ਮਜ਼ਬੂਰੀਆਂ ਨੂੰ ਡੀਕੋਡ ਕਰਕੇ, ਉਸ ਦੀਆਂ ਪਦਾਰਥਕ ਤੇ ਤਕਨਾਲੋਜੀ ਕੇਂਦ੍ਰਿਤ ਸਮੀਕਰਣਾਂ ਨੂੰ ਪ੍ਰਸਤੁਤ ਕਰਦੇ ਸਮੇਂ, ਮਾਨਵੀ ਦ੍ਰਿਸ਼ਟੀ ਤੇ ਨਾਰੀ ਸੰਵੇਦਨਾ ਦੇ ਨਵੇਂ ਪਰਿਪੇਖ ਉਸਾਰਨ ਦੀ ਕੋਸ਼ਿਸ਼ ਕੀਤੀ ਹੈ।[1]

ਪ੍ਰਵੇਜ਼ ਸੰਧੂ ਆਪਣੀਆਂ ਕਹਾਣੀਆਂ ਵਿੱਚ ਪੂਰਬੀ ਅਤੇ ਪੱਛਮੀ ਜੀਵਨ ਮੁੱਲਾਂ ਅਤੇ ਸਭਿਆਚਾਰਕ ਕੀਮਤ- ਪ੍ਰਬੰਧ ਦੀ ਤੁਲਨਾਮਤਕ ਪੇਸ਼ਕਾਰੀ ਕਰਦੀ ਹੋਈ ਔਰਤ-ਮਰਦ ਸੰਬੰਧਾਂ ਦੀਆਂ ਵਿਭਿੰਨ ਪਰਤਾਂ ਨੂੰ ਉਘਾੜਦੀ ਹੈ। ਪ੍ਰੇਮ ਪ੍ਰਕਾਸ਼ ਅਨੁਸਾਰ :

> ਪ੍ਰਵੇਜ਼ ਕੌਰ ਸੰਧੂ ਦੀਆਂ ਬਹੁਤੀਆਂ ਕਹਾਣੀਆਂ ਭਾਰਤੀ ਸਮਾਜ ਤੇ ਵਲੈਤੀ ਸਭਿਆਚਾਰ ਦੀ ਟੱਕਰ 'ਚੋਂ ਜਨਮ ਲੈਣ ਵਾਲੇ ਅਨੁਭਵਾਂ ਤੇ ਸੋਚਾਂ ਦੀਆਂ ਕਹਾਣੀਆਂ ਹਨ।[2]

ਪ੍ਰਵੇਜ਼ ਸੰਧੂ ਨੇ ਆਪਣੀਆਂ ਕਹਾਣੀਆਂ ਵਿੱਚ ਪੂਰਬੀ ਅਤੇ ਪੱਛਮੀ ਔਰਤ ਦੀ ਸਥਿਤੀ, ਉਸ ਨੂੰ ਦਰਪੇਸ਼ ਚੁਣੌਤੀਆਂ ਤੇ ਸਮੱਸਿਆਵਾਂ ਨੂੰ ਦੋਹਾਂ ਦੇਸ਼ਾਂ ਦੀਆਂ ਸੰਸਕ੍ਰਿਤੀਆਂ ਦੇ ਸੰਦਰਭ ਵਿੱਚ ਰੱਖ ਕੇ ਪੇਸ਼ ਕੀਤਾ ਹੈ।

**ਗਲੋਬਲੀ ਸਭਿਆਚਾਰ ਦੇ ਸਨਮੁੱਖ ਔਰਤ-ਮਰਦ ਰਿਸ਼ਤੇ ਦੀਆਂ ਬਦਲਦੀਆਂ ਸਮੀਕਰਣਾਂ**

ਜਦੋਂ ਪੰਜਾਬੀ ਔਰਤ ਅਤੇ ਮਰਦ ਪੂਰਬੀ ਸਭਿਆਚਾਰ ਨੂੰ ਛੱਡ ਕੇ ਪੱਛਮੀ ਸੰਸਕ੍ਰਿਤੀ ਵਿੱਚ ਪ੍ਰਵੇਸ਼ ਕਰਦੇ ਹਨ ਤਾਂ ਅੰਤਰ-ਸਭਿਆਚਾਰਕ ਦਵੰਦ ਕਾਰਨ ਉਹਨਾਂ ਦੇ ਆਪਸੀ ਰਿਸ਼ਤੇ ਪ੍ਰਭਾਵਿਤ ਹੁੰਦੇ ਹਨ। ਪੂਰਬੀ ਸਮਾਜ-ਸਭਿਆਚਾਰ ਵਿੱਚ ਔਰਤ ਦੁਜੈਲੇ ਪੱਧਰ 'ਤੇ ਵਿਚਰਦੀ ਹੈ। ਪੂਰਬੀ ਸਮਾਜ ਵਿਚਲੀਆਂ ਕਦਰਾਂ-ਕੀਮਤਾਂ ਅਤੇ ਨੈਤਿਕ ਮੁੱਲ-ਪ੍ਰਬੰਧ ਔਰਤ ਨੂੰ ਇਕ ਨਿਸ਼ਚਿਤ ਦਾਇਰੇ ਵਿੱਚ ਰਹਿਣ ਲਈ ਪਾਬੰਦ ਕਰਦੇ ਹਨ। ਪੱਛਮੀ ਪ੍ਰਬੰਧ ਵਿਅਕਤੀਗਤ ਆਜ਼ਾਦੀ ਅਤੇ ਔਰਤ-ਮਰਦ ਦੀ ਬਰਾਬਰਤਾ ਅਤੇ ਸਮਾਨ ਅਧਿਕਾਰਾਂ ਦੀ ਪ੍ਰੋੜਤਾ ਕਰਦਾ ਹੈ। ਪੂਰਬੀ ਔਰਤ ਜਦੋਂ ਵਿਕਸਿਤ ਪੱਛਮੀ ਸਭਿਆਚਾਰ ਦਾ ਹਿੱਸਾ ਬਣਦੀ ਹੈ ਤਾਂ ਉਸਦੀ ਸੋਚ, ਦ੍ਰਿਸ਼ਟੀਕੋਣ ਅਤੇ ਜੀਵਨ ਸ਼ੈਲੀ ਉੱਥੋਂ ਦੀਆਂ ਸਭਿਆਚਾਰਕ ਕੀਮਤਾਂ ਅਤੇ ਮੁੱਲ-ਪ੍ਰਬੰਧ ਤੋਂ ਪ੍ਰਭਾਵਿਤ ਹੁੰਦੇ ਹਨ। ਪੱਛਮੀ ਨਿਜ਼ਾਮ ਵਿੱਚ ਪ੍ਰਵੇਸ਼ ਨਾਲ ਆਰਥਿਕ ਤੌਰ 'ਤੇ ਸਵੈ-ਨਿਰਭਰਤਾ ਦੇ ਅਹਿਸਾਸ ਨੇ ਜਿੱਥੇ ਉਸਨੂੰ ਆਪਣੀਆਂ ਅਸਤਿਤਵੀ ਲੋੜਾਂ ਅਤੇ ਹੱਕਾਂ ਪ੍ਰਤੀ ਚੇਤੰਨ ਕੀਤਾ, ਉੱਥੇ ਉਹ ਔਰਤ ਦੀ ਦਮਿਤ ਸਥਿਤੀ ਲਈ ਜ਼ਿੰਮੇਵਾਰ ਪਿੱਤਰਸੱਤਾਤਮਕ ਮੁੱਲਾਂ ਵਿਰੁੱਧ ਵੀ ਜਾਗਰੂਕ ਹੁੰਦੀ ਹੈ। ਪਰਵਾਸੀ ਪੰਜਾਬੀ ਮਰਦ ਜਦੋਂ ਪੱਛਮੀ ਰਹਿਤਲ ਤੋਂ ਪ੍ਰਭਾਵਿਤ ਪੰਜਾਬੀ ਔਰਤ ਪਾਸੋਂ ਪੂਰਬੀ ਮੁੱਲਾਂ ਅਨੁਸਾਰ ਪ੍ਰੰਪਰਕ ਰਵਾਇਤੀ ਹੁੰਗਾਰੇ ਦੀ ਤਵੱਕੋਆਤ ਕਰਦਾ ਹੈ ਤਾਂ ਉਹਨਾਂ ਦੇ ਆਪਸੀ ਸੰਬੰਧਾਂ ਵਿੱਚ ਕਈ ਤਰ੍ਹਾਂ ਦੇ ਤਨਾਉ ਅਤੇ ਸੰਕਟ ਪੈਦਾ ਹੁੰਦੇ ਹਨ। ਪੰਜਾਬੀ ਔਰਤ ਦੀ ਬਦਲੀ ਹੋਈ ਮਾਨਸਿਕਤਾ ਅਤੇ ਮਨਇੱਛਤ ਜ਼ਿੰਦਗੀ ਜਿਊਣ ਦੀ ਚਾਹਤ ਪਿੱਤਰੀ ਸੋਚ ਵਾਲੇ ਪੰਜਾਬੀ ਮਰਦ ਨੂੰ ਹਰਗਿਜ਼ ਮਨਜ਼ੂਰ ਨਹੀਂ। ਉਹ ਖ਼ੁਦ ਤਾਂ ਪੱਛਮੀ ਸੰਸਕ੍ਰਿਤੀ ਵਿਚਲੀ ਖੁੱਲ੍ਹ ਨੂੰ ਮਾਨਣ ਦਾ ਇੱਛੁਕ ਹੈ ਲੇਕਿਨ ਆਪਣੀ ਪਤਨੀ ਅਤੇ ਧੀ ਨੂੰ ਆਜ਼ਾਦੀ ਪੂਰਬੀ ਸਭਿਆਚਾਰਕ ਮੁੱਲਾਂ ਅਨੁਸਾਰ ਦੇਣਾ ਚਾਹੁੰਦਾ ਹੈ। ਮਰਦ ਦੁਆਰਾ ਅਪਣਾਏ ਜਾਂਦੇ ਦੋਹਰੇ ਮਾਪਦੰਡਾਂ ਕਾਰਨ

ਪਰਵਾਸੀ ਪੰਜਾਬੀ ਔਰਤ ਆਪਣੀ ਹੋਂਦਮੂਲਕ ਲੜਾਈ ਵਿੱਚ ਪੂਰਬੀ ਮਰਦ ਅਤੇ ਪੂਰਬੀ ਸਭਿਆਚਾਰਕ ਕੀਮਤ-ਪ੍ਰਬੰਧ ਨਾਲ ਟਕਰਾਓ ਅਤੇ ਦਵੰਦ ਦੀ ਸਥਿਤੀ ਵਿੱਚੋਂ ਗੁਜ਼ਰਦੀ ਹੈ।

ਨਵ-ਪੂੰਜੀਵਾਦੀ ਸਮਾਜਿਕ, ਆਰਥਿਕ ਪ੍ਰਬੰਧ ਵਿੱਚ ਵਿਅਕਤੀਵਾਦੀ/ਨਿੱਜਵਾਦੀ ਰੁਚੀਆਂ ਕਰਕੇ ਰਿਸ਼ਤੇ ਕਾਰੋਬਾਰੀ ਸੋਚ ਦੇ ਧਾਰਨੀ ਹੋ ਰਹੇ ਹਨ। ਇਸ ਵਰਤਾਰੇ ਕਾਰਨ ਰਿਸ਼ਤਿਆਂ ਦਾ ਸਰੂਪ ਵੀ ਬਦਲ ਰਿਹਾ ਹੈ। ਇਹ ਸਥਿਤੀ ਜਿੱਥੇ ਪੱਛਮੀ ਸਮਾਜ ਵਿੱਚ ਔਰਤ-ਮਰਦ ਸੰਬੰਧਾਂ ਵਿੱਚ ਵਾਪਰ ਰਹੇ ਪਰਿਵਰਤਨ ਵਿੱਚ ਦੇਖੀ ਜਾ ਸਕਦੀ ਹੈ, ਉੱਥੇ ਪੂਰਬੀ ਸਮਾਜ-ਸਭਿਆਚਾਰ ਵਿੱਚ ਰਿਸ਼ਤਿਆਂ ਵਿੱਚ ਨੈਤਿਕ ਪੱਖੋਂ ਪੈਦਾ ਹੋ ਰਹੇ ਸੰਕਟ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ। ਰਾਣੀ ਨਗਿੰਦਰ ਕੌਰ ਅਤੇ ਪ੍ਰਵੇਜ਼ ਸੰਧੂ ਦੀਆਂ ਕਹਾਣੀਆਂ ਅੰਤਰ-ਸਭਿਆਚਾਰਕ ਦਵੰਦ ਕਾਰਨ ਪਰਵਾਸੀ ਪੰਜਾਬੀਆਂ ਦੇ ਪਰਿਵਾਰਿਕ ਰਿਸ਼ਤਿਆਂ ਵਿੱਚ ਉਪਜੇ ਸੰਕਟ, ਪੀੜ੍ਹੀ-ਪਾੜੇ ਦੀ ਸਮੱਸਿਆ, ਪਰਵਾਸੀ ਪੰਜਾਬੀ ਨਾਰੀ ਦੀ ਬਦਲ ਰਹੀ ਮਾਨਸਿਕਤਾ ਅਤੇ ਗਲੋਬਲੀ ਸਭਿਆਚਾਰ ਦੇ ਸਨਮੁੱਖ ਔਰਤ-ਮਰਦ ਸੰਬੰਧਾਂ ਦੀਆਂ ਬਦਲ ਰਹੀਆਂ ਸਮੀਕਰਣਾਂ ਨੂੰ ਵਿਭਿੰਨ ਪਹਿਲੂਆਂ ਤੋਂ ਪੇਸ਼ ਕਰਦੀਆਂ ਹਨ।

ਪ੍ਰਵੇਜ਼ ਸੰਧੂ ਦੀ ਕਹਾਣੀ 'ਸਿਰਫ ਇਕ ਵਾਰ' ਪਿੱਤਰੀ ਮਾਨਸਿਕਤਾ ਵਾਲੇ ਪਰਵਾਸੀ ਪੰਜਾਬੀ ਮਰਦ ਪਾਤਰ ਜੱਗੀ, ਪ੍ਰੰਪਰਕ ਰੂੜ੍ਹੀਵਾਦੀ ਕਦਰਾਂ-ਕੀਮਤਾਂ ਨੂੰ ਪ੍ਰਣਾਈ ਜੱਗੀ ਦੀ ਪਤਨੀ ਗੁਰਮੀਤ ਅਤੇ ਪੱਛਮੀ ਜੀਵਨ ਸ਼ੈਲੀ ਤੋਂ ਪ੍ਰਭਾਵਿਤ ਧੀ ਸ਼ੈਲੀ ਦੇ ਆਪਸੀ ਸੰਬੰਧਾਂ ਵਿੱਚ ਪੈਦਾ ਹੋਏ ਟਕਰਾਓ ਨੂੰ ਅੰਤਰ-ਸਭਿਆਚਾਰਕ ਪ੍ਰਸਥਿਤੀਆਂ ਦੇ ਸੰਦਰਭ ਵਿੱਚ ਰੱਖ ਕੇ ਪੇਸ਼ ਕਰਦੀ ਹੈ। ਪਾਤਰ ਜੱਗੀ ਲੰਮੇ ਸਮੇਂ ਤੋਂ ਆਪਣੀ ਪਤਨੀ ਅਤੇ ਧੀ ਨਾਲ ਅਮਰੀਕਾ ਵਿੱਚ ਰਹਿ ਰਿਹਾ ਹੈ ਪਰ ਉਸਦੀ ਪੈਤਰਿਕ ਸੋਚ ਅਤੇ ਵਿਵਹਾਰ ਵਿੱਚ ਕੋਈ ਬੁਨਿਆਦੀ ਪਰਿਵਰਤਨ ਨਹੀਂ ਆਉਂਦਾ। ਜਗੀਰੂ ਪ੍ਰਵਿਰਤੀ ਕਾਰਨ ਪਹਿਲਾਂ ਉਹ ਆਪਣੀ ਪਤਨੀ ਗੁਰਮੀਤ ਨੂੰ ਦਬਾ ਕੇ ਰੱਖਦਾ ਹੈ ਅਤੇ ਫਿਰ ਆਪਣੀ ਜਵਾਨ ਹੋ ਰਹੀ ਧੀ ਸ਼ੈਲੀ ਉੱਪਰ ਵੀ ਆਪਣਾ ਦਬਦਬਾ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਪਾਤਰ ਗੁਰਮੀਤ ਇੱਕ ਆਦਰਸ਼ ਭਾਰਤੀ ਪਤਨੀ ਵਾਂਗ ਆਪਣੇ ਪਤੀ ਦੁਆਰਾ ਕੀਤੀ ਜਾਂਦੀ ਮਾਰ ਕੁਟਾਈ ਨੂੰ ਚੁਪ-ਚਾਪ ਬਰਦਾਸ਼ਤ ਕਰ ਜਾਂਦੀ ਹੈ ਤਾਂ ਜੋ ਉਸਦਾ ਘਰ-ਪਰਿਵਾਰ ਟੁੱਟਣ ਤੋਂ ਬਚਿਆ ਰਹੇ। ਪਰ ਰਿਸ਼ਤਿਆਂ ਵਿੱਚ ਤਣਾਉ ਉਸ ਸਮੇਂ ਆਪਣੇ ਸਿਖਰ 'ਤੇ ਪਹੁੰਚ ਜਾਂਦਾ ਹੈ ਜਦੋਂ ਪੱਛਮੀ ਸਭਿਆਚਾਰ ਵਿੱਚ ਪ੍ਰਵਾਨ ਚੜ੍ਹੀ ਧੀ ਸ਼ੈਲੀ ਆਪਣੇ ਪਿਤਾ ਦੇ ਸਾਮੰਤੀ ਵਿਵਹਾਰ ਸਾਹਮਣੇ ਵੰਗਾਰ ਬਣ ਕੇ ਖੜ੍ਹ ਜਾਂਦੀ ਹੈ। ਪਾਤਰ ਜੱਗੀ ਜਦੋਂ ਧੀ ਸ਼ੈਲੀ ਨੂੰ ਛੋਟੇ ਕੱਪੜੇ ਪਾਉਣ ਤੋਂ ਵਰਜਦਾ ਹੋਇਆ ਉਸ ਉੱਪਰ ਆਪਣੀ ਪਿੱਤਰੀ ਸੋਚ ਨੂੰ ਜਬਰੀ ਥੋਪਣ ਦੀ ਕੋਸ਼ਿਸ਼ ਕਰਦਾ ਹੈ ਤਾਂ ਧੀ ਸ਼ੈਲੀ ਪਿਤਾ ਦੀ ਪੈਤਰਿਕ ਮਾਨਸਿਕਤਾ ਦਾ ਪੁਰਜ਼ੋਰ ਵਿਰੋਧ ਕਰਦੀ ਹੈ :

"ਡੈਡ ਮੈਂ ਨਿਆਣੀ ਨਈਂ ...ਪਲੀਜ਼ ਡੋਂਟ ਟਰਾਈ ਟੂ ਰੰਨ ਮਾਈ ਲਾਈਫ਼ ...ਆਈ ਐਮ ਨਾਟ ਏ ਬੇਬੀ।" ਤੇ ਉਹ ਪੈਰ ਪਟਕਦੀ ਪੌੜੀਆਂ ਜਾ ਚੜ੍ਹੀ।[3]

ਧੀ ਸ਼ੈਲੀ ਅਤੇ ਪਿਤਾ ਜੱਗੀ ਦੇ ਰਿਸ਼ਤੇ ਵਿਚਲਾ ਸੰਕਟ ਦੋ ਭਿੰਨ ਸੰਸਕ੍ਰਿਤੀਆਂ ਦੇ ਟਕਰਾਓ ਅਤੇ ਮਾਨਸਿਕ ਵਿਭਿੰਨਤਾਵਾਂ ਵਿੱਚੋਂ ਉਪਜਦਾ ਹੈ। ਪੱਛਮੀ ਸਭਿਆਚਾਰ ਵਿਚਲੀ ਨਿੱਜੀ ਆਜ਼ਾਦੀ ਦੇ ਸੰਕਲਪ ਕਾਰਨ ਪਾਤਰ ਸ਼ੈਲੀ ਆਪਣੀ ਜ਼ਿੰਦਗੀ ਨੂੰ ਮਨਇੱਛਿਤ ਢੰਗ ਨਾਲ ਜਿਊਣਾ ਚਾਹੁੰਦੀ ਹੈ। ਆਪਣੇ ਜੀਵਨ ਵਿੱਚ ਕਿਸੇ ਦੂਸਰੇ ਦੀ ਦਖਲਅੰਦਾਜ਼ੀ ਜਾਂ ਹਦਾਇਤਾਂ ਅਨੁਕੂਲ ਚੱਲਣਾ ਉਸਨੂੰ ਹਰਗਿਜ਼ ਪ੍ਰਵਾਨ ਨਹੀਂ, ਚਾਹੇ ਉਹ ਉਸਦੇ ਮਾਪੇ ਹੀ ਕਿਉਂ ਨਾ ਹੋਣ। ਦੂਸਰੇ ਪਾਸੇ ਪਾਤਰ ਜੱਗੀ ਆਪਣੀ ਪਿੱਤਰੀ ਸੋਚ ਤਹਿਤ ਪੱਛਮੀ ਸਭਿਆਚਾਰਕ ਕੀਮਤਾਂ ਅਤੇ ਜੀਵਨ ਸ਼ੈਲੀ ਨੂੰ ਗ੍ਰਹਿਣ ਕਰ ਰਹੀ ਧੀ ਸ਼ੈਲੀ ਪਾਸੋਂ ਪਰੰਪਰਾਗਤ ਭਾਰਤੀ ਸਲੀਕੇ ਦੀ ਮੰਗ ਕਰਦਾ ਹੈ। ਉਹ ਧੀ ਸ਼ੈਲੀ ਦੀ ਸੋਚ ਨੂੰ ਪੂਰਬੀ ਸਭਿਆਚਾਰਕ ਮੁੱਲਾਂ ਅਨੁਸਾਰ ਢਾਲਣਾ ਚਾਹੁੰਦਾ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਪਾਤਰ ਜੱਗੀ ਖ਼ੁਦ ਗੋਰੀ ਔਰਤ ਇਵਾਨਾ ਨਾਲ ਜਿਨਸੀ ਸੰਬੰਧਾਂ ਰਾਹੀਂ ਆਪਣੀਆਂ ਸਰੀਰਕ, ਮਾਨਸਿਕ ਲੋੜਾਂ ਦੀ ਤ੍ਰਿਪਤੀ ਕਰਨ ਲਈ ਪੱਛਮੀ ਸਭਿਆਚਾਰ ਵਿਚਲੀਆਂ ਖੁੱਲ੍ਹਾਂ ਨੂੰ ਮਾਣ ਰਿਹਾ ਹੈ ਪ੍ਰੰਤੂ ਆਪਣੀ ਧੀ ਸ਼ੈਲੀ ਨੂੰ ਪੂਰਬੀ ਸਮਾਜ-ਸਭਿਆਚਾਰ ਦੁਆਰਾ ਨਿਰਧਾਰਿਤ ਸੀਮਾਵਾਂ ਅੰਦਰ ਰਹਿਣ ਦੀ ਤਾਕੀਦ ਕਰਦਾ ਹੈ। ਜਦੋਂ ਜੱਗੀ ਨੂੰ ਆਪਣੀ ਪਤਨੀ ਗੁਰਮੀਤ ਕੋਲੋਂ ਧੀ ਸ਼ੈਲੀ ਨੂੰ ਕਿਸੇ ਗੋਰੇ ਮੁੰਡੇ ਦੇ ਫੋਨ ਆਉਣ ਦੀ ਗੱਲ ਬਾਰੇ ਪਤਾ ਲਗਦਾ ਹੈ ਤਾਂ ਉਹ ਨਾ ਕੇਵਲ ਇਸਦਾ ਦੋਸ਼ ਗੁਰਮੀਤ ਉੱਪਰ ਮੜ੍ਹਦਾ ਹੈ ਬਲਕਿ ਇਸਦੀ ਸਜ਼ਾ ਵਜੋਂ ਉਸਨੂੰ ਕੁੱਟਦਾ ਵੀ ਹੈ :

"ਤੂੰ ਸਾਰਾ ਦਿਨ ਕਿਹੜੇ ਯਾਰਾਂ 'ਚ ਗੁਆਚੀ ਰਹਿੰਦੀ ਏ ...ਇਕ ਕੁੜੀ ਦਾ ਧਿਆਨ ਨਈਂ ਰੱਖ ਸਕਦੀ।" ਤੇ ਗੁੱਸੇ ਵਿੱਚ ਆਏ ਜੱਗੀ ਨੇ ਗੁਰਮੀਤ ਦੇ ਦੋ ਤਿੰਨ ਥੱਪੜ ਧਰ ਦਿੱਤੇ।[4]

ਜਦੋਂ ਕਿ ਉਹ ਇਸ ਗੱਲ ਤੋਂ ਭਲੀ-ਭਾਂਤ ਵਾਕਫ਼ ਹੈ ਕਿ ਉਸਦੇ ਗੋਰੀ ਔਰਤ ਨਾਲ ਸੰਬੰਧਾਂ ਬਾਰੇ ਉਸਦੀ ਪਤਨੀ ਹੀ ਨਹੀਂ ਉਸਦੀ ਧੀ ਸ਼ੈਲੀ ਨੂੰ ਵੀ ਪਤਾ ਹੈ। ਪ੍ਰੰਪਰਕ ਭਾਰਤੀ ਔਰਤ ਵਾਂਗ ਭਾਵੇਂ ਪਾਤਰ ਗੁਰਮੀਤ ਆਪਣੇ ਪਤੀ ਹੱਥੋਂ ਸਰੀਰਕ, ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੋਈ ਉਸ ਦੁਆਰਾ ਅਪਣਾਏ ਜਾ ਰਹੇ ਦੋਹਰੇ ਮਾਪਦੰਡਾਂ ਪ੍ਰਤੀ ਕੋਈ ਵਿਦਰੋਹੀ ਰੁਖ ਅਖ਼ਤਿਆਰ ਨਹੀਂ ਕਰਦੀ, ਪ੍ਰੰਤੂ ਉਸਦੀ ਧੀ ਸ਼ੈਲੀ ਆਪਣੇ ਪਿਤਾ ਦੀ ਪਿੱਤਰਕੀ ਮਾਨਸਿਕਤਾ ਅਤੇ ਮਰਦਾਵੀਂ ਧੌਂਸ ਦਾ ਵਿਰੋਧ ਬੜੀ ਬੇਬਾਕੀ ਨਾਲ ਕਰਦੀ ਹੈ :

"ਡੋਂਟ ਯੂ ਡੇਅਰ ਟੂ ਟੱਚ ਮਾਈ ਮਾਮ।'' ਸ਼ੈਲੀ ਚੀਕੀ "ਕਮ ਆਨ... ਹਿੱਟ

ਮੀ ...ਆ ਮਾਰ ...ਪੁਲਿਸ ਨੂੰ ਬੁਲਾ ਕੇ ਹੁਣੇ ਜੇਲ੍ਹ ਭਿਜਵਾ ਦਿਆਂਗੀ।"

"...ਨੀ ਕਲਜੋਗਣੇ ਪਿਉ ਮੂਹਰੇ ਇਉਂ ਨੀ ਬੋਲੀਦਾ।" ਗੁਰਮੀਤ ਨੇ ਧੀ ਨੂੰ ਸਮਝਾਇਆ।

"ਮਾਮ ਇਹਨੇ ਮੈਨੂੰ ਕੀ ਸਮਝਾਉਣਾ ...ਜਿਹੜਾ ਆਪ ਗੋਰੀਆਂ ਪਿੱਛੇ ਤੁਰਿਆ ਫਿਰਦਾ।"

" ...ਐਂਡ ਯੂ ਮਾਮ, ...ਆਈ ਡੌਂਟ ਨੋ ਵਾਏ ਆਰ ਯੂ ਵਿੱਦ ਹਿਮ ...ਛੱਡ ਦੇ ਇਹਨੂੰ ਮਾਮ।"[5]

ਕਹਾਣੀਕਾਰ ਇੱਥੇ ਦੋ ਪੀੜ੍ਹੀਆਂ ਵਿਚਲੀ ਨਾਰੀ ਸੋਚ ਨੂੰ ਅਗਰਭੂਮਿਤ ਕਰਦੀ ਹੈ। ਇਕ ਪਾਸੇ ਪਿੱਤਰਕੀ ਨੂੰ ਪ੍ਰਣਾਈ ਹੋਈ ਮਾਂ ਦੀ ਮਾਨਸਿਕਤਾ ਹੈ ਅਤੇ ਦੂਸਰੇ ਪਾਸੇ ਪਿੱਤਰਕੀ ਨੂੰ ਵੰਗਾਰਦੀ ਨਵੀਂ ਪੀੜ੍ਹੀ ਦੀ ਸਵੈ-ਨਿਰਭਰ ਚੇਤੰਨ ਔਰਤ ਹੈ। ਪੂਰਬੀ ਸਭਿਆਚਾਰਕ ਪ੍ਰਬੰਧ ਵਿੱਚੋਂ ਪਰਵਾਸ ਕਰਕੇ ਪੱਛਮੀ ਸਭਿਆਚਾਰ ਵਿੱਚ ਜੀਅ ਰਹੀ ਪਹਿਲੀ ਪੀੜ੍ਹੀ ਦੀ ਪੰਜਾਬੀ ਔਰਤ ਪਾਤਰ ਮਾਂ (ਗੁਰਮੀਤ) ਦੀ ਮਾਨਸਿਕ ਘਾੜਤ ਹੀ ਇਸ ਪ੍ਰਕਾਰ ਹੋਈ ਹੈ ਕਿ ਉਸ ਲਈ ਪਿੱਤਰੀ ਰੂੜ੍ਹੀਵਾਦੀ ਸੰਸਕਾਰਾਂ ਅਤੇ ਸਥਾਪਿਤ ਧਾਰਣਾਵਾਂ ਨੂੰ ਛੱਡ ਸਕਣਾ ਬਹੁਤ ਮੁਸ਼ਕਿਲ ਹੈ। ਦੂਜੇ ਪਾਸੇ ਨਵੀਂ ਪੀੜ੍ਹੀ ਦੀ ਪਾਤਰ ਸ਼ੈਲੀ (ਧੀ) ਦੀ ਮਾਨਸਿਕਤਾ ਪੱਛਮੀ ਜੀਵਨ ਵਿਚਲੀਆਂ ਨਾਰੀ ਪੱਖੀ ਕਦਰਾਂ-ਕੀਮਤਾਂ ਅਨੁਸਾਰ ਬਣ ਰਹੀ ਹੈ। ਉਹ ਪੱਛਮੀ ਸਮਾਜਿਕ, ਰਾਜਨੀਤਕ, ਆਰਥਿਕ ਪ੍ਰਬੰਧ ਵਿਚਲੇ ਨਾਰੀ ਅਧਿਕਾਰਾਂ ਅਤੇ ਹੱਕਾਂ ਪ੍ਰਤੀ ਸੁਚੇਤ ਹੈ ਜਿਸ ਕਾਰਨ ਉਹ ਔਰਤ ਦੇ ਅਸਤਿਤਵ ਨੂੰ ਦਬਾਉਣ ਵਾਲੇ ਹਰ ਵਰਤਾਰੇ ਅਤੇ ਸਥਾਪਿਤ ਧਾਰਣਾਵਾਂ ਦੀ ਵਿਰੋਧਤਾ ਕਰਨ ਦੀ ਜ਼ੁਰੱਅਤ ਰੱਖਦੀ ਹੈ। ਉਹ ਆਪਣੀ ਮਾਂ ਦੀ ਪਰੰਪਰਕ ਸੋਚ ਨੂੰ ਝੰਜੋੜਦੀ ਹੋਈ ਉਸ ਅੰਦਰ ਚੇਤਨਤਾ ਪੈਦਾ ਕਰਨਾ ਚਾਹੁੰਦੀ ਹੈ। ਉਹ ਉਸਨੂੰ ਅਜਿਹੇ ਮਰਦ ਨੂੰ ਛੱਡਣ ਦੀ ਸਲਾਹ ਦਿੰਦੀ ਹੈ ਜਿਹੜਾ ਉਸ ਨਾਲ ਕੋਈ ਪ੍ਰਤੀਬੱਧਤਾ ਨਹੀਂ ਰੱਖਦਾ। ਪਰ ਸਥਿਤੀ ਦਾ ਦੁਖਾਂਤ ਇਹ ਹੈ ਕਿ ਮਾਂ ਆਪਣੀ ਧੀ ਦੀ ਧਿਰ ਬਣ ਕੇ ਖੜ੍ਹਨ ਦੀ ਬਜਾਇ ਪਿੱਤਰਸੱਤਾ ਦੇ ਹੱਕ ਵਿੱਚ ਭੁਗਤਦੀ ਹੋਈ ਉਸਨੂੰ ਆਪਣੇ ਪਿਤਾ ਖ਼ਿਲਾਫ਼ ਬੋਲਣ ਤੋਂ ਵਰਜਦੀ ਹੈ। ਧੀ ਅਤੇ ਪਿਤਾ ਵਿਚਲੇ ਤਨਾਉ ਕਾਰਨ ਮਾ ਦੂਹਰੇ-ਤੀਹਰੇ ਸੰਕਟ ਨੂੰ ਭੋਗ ਰਹੀ ਹੈ। ਪਿੱਤਰਕੀ ਪ੍ਰਬੰਧ ਦੀ ਸ਼ਿਕਾਰ ਮਾਂ ਨਾ ਤਾਂ ਪਤੀ ਜੱਗੀ ਦੀਆਂ ਵਧੀਕੀਆਂ ਦਾ ਕੋਈ ਵਿਰੋਧ ਕਰ ਸਕਦੀ ਹੈ ਅਤੇ ਨਾ ਹੀ ਆਪਣੀ ਧੀ ਦੀ ਆਜ਼ਾਦ ਸੋਚ ਨੂੰ ਪ੍ਰਵਾਨ ਕਰਨ ਲਈ ਕੋਈ ਹਿੰਮਤ ਜੁਟਾ ਸਕਦੀ ਹੈ। ਕਹਾਣੀ ਵਿੱਚ ਸ਼ੈਲੀ ਆਪਣੀ ਮਾਂ ਵਾਂਗ ਮਰਦ ਦੇ ਪੈਤਰਿਕ ਵਿਵਹਾਰ ਨੂੰ ਝੱਲਣ ਤੋਂ ਮੁਨਕਰ ਹੈ। ਉਹ ਆਪਣੀ ਮਨਇੱਛਤ ਜ਼ਿੰਦਗੀ ਜਿਊਣ ਅਤੇ ਖ਼ੁਦਮੁਖ਼ਤਿਆਰ ਫੈਸਲੇ ਲੈਣ ਦਾ ਅਧਿਕਾਰ ਹਾਸਿਲ ਕਰਨ ਲਈ ਪਿੱਤਰਕੀ ਸਿਸਟਮ ਨਾਲ

ਟਕਰਾਉਣ ਦੀ ਹਿੰਮਤ ਕਰਦੀ ਹੈ। ਨਵੀਂ ਪੀੜ੍ਹੀ ਦੀ ਪਰਵਾਸੀ ਪੰਜਾਬੀ ਨਾਰੀ ਦੀ ਬਦਲ ਰਹੀ ਮਾਨਸਿਕਤਾ ਸੰਬੰਧੀ ਡਾ .ਹਰਚੰਦ ਸਿੰਘ ਬੇਦੀ ਲਿਖਦਾ ਹੈ:

> ਪਰਾਵਾਸ ਦੀ ਪਿਛਲੀ ਪੀੜ੍ਹੀ ਦੇ ਸੰਕਟ ਜਿੱਥੇ ਸਾਮੰਤੀ ਮੁੱਲ ਪ੍ਰਬੰਧ ਦਾ ਅਨੁਕਰਣ ਕਰਨ ਲਈ ਮਜ਼ਬੂਰ ਹਨ, ਉਥੇ ਨਵੀਂ ਪੀੜ੍ਹੀ ਦੀ ਔਰਤ ਨਵੇਂ ਪਰਿਵੇਸ਼ ਦੇ ਨਵੇਂ ਮੁੱਲ ਪ੍ਰਬੰਧ ਨੂੰ ਆਤਮਸਾਤ ਕਰ ਰਹੀ ਹੈ। ...ਪਰਵਾਸੀਆਂ ਦੀ ਪਿਛਲੀ ਪੀੜ੍ਹੀ ਦੇ ਦੁੱਖ ਨੂੰ ਨਵੀਂ ਪੀੜ੍ਹੀ ਨਹੀਂ ਸਮਝ ਪਾ ਰਹੀ ਅਤੇ ਨਵੀਂ ਪੀੜ੍ਹੀ ਦੀ ਗ੍ਰਹਿਣਸ਼ੀਲਤਾ ਤੇ ਮੂਲਧਾਰਾ ਦੇ ਪ੍ਰਭਾਵ ਦੇ ਅੰਤਰਗਤ ਨਵੀਂ ਪੀੜ੍ਹੀ ਜਿਸ ਕਾਨੂੰਨੀ, ਸਮਾਜਿਕ ਅਧਿਕਾਰ ਧਾਰਾ ਨੂੰ ਆਤਮਸਾਤ ਕਰ ਰਹੀ ਹੈ; ਉਸਨੂੰ ਪਿਛਲੀ ਪੀੜ੍ਹੀ ਕਿਵੇਂ ਵੀ ਪ੍ਰਵਾਨ ਨਹੀਂ ਕਰ ਪਾ ਰਹੀ ਹੈ। ਸਿੱਟੇ ਵਜੋਂ ਦੋਹਾਂ ਵਿਚਾਲੇ ਤਣਾਉ, ਵਿਰੋਧ ਤੇ ਬੇਚੈਨੀ ਹੈ ਪਰ ਇਸ ਵਰਤਾਰੇ ਵਿੱਚ ਹਰ ਜਾਵੀਏ ਤੋਂ ਔਰਤ ਵਧੇਰੇ ਸੰਕਟ ਤੇ ਸੰਤਾਪ ਵਿੱਚ ਹੈ।[6]

ਪ੍ਰਵੇਜ਼ ਸੰਧੂ ਰਚਿਤ ਕਹਾਣੀ ‘ਪੀੜ੍ਹੀ ਦਰ ਪੀੜ੍ਹੀ’ ਦਾ ਸਿਰਲੇਖ ਪ੍ਰਤੀਕਾਤਮਕ ਰੂਪ ਵਿੱਚ ਔਰਤ ਦੀ ਪੀੜ੍ਹੀ ਦਰ ਪੀੜ੍ਹੀ ਚਲੀ ਆ ਰਹੀ ਦੁਜੈਲੀ ਅਤੇ ਹਾਸ਼ੀਆਕ੍ਰਿਤ ਸਥਿਤੀ ਨੂੰ ਦਰਸਾਉਂਦਾ ਹੈ। ਕਹਾਣੀ ਤਿੰਨ ਪੀੜ੍ਹੀਆਂ ਦੀ ਨਾਰੀ ਮਾਨਸਿਕਤਾ ਨੂੰ ਤੁਲਨਤਮਕ ਪਰਿਪੇਖ ਵਿੱਚ ਰੱਖ ਕੇ ਪੇਸ਼ ਕਰਦੀ ਹੈ। ਪਹਿਲੀ ਪੀੜ੍ਹੀ ਦੀ ਔਰਤ ਪਾਤਰ ਬਿਰਤਾਂਤਕਾਰ ਦੀ ਮਾਂ ਹੈ ਜਿਹੜੀ ਸਾਰੀ ਉਮਰ ਪਿੱਤਰਸੱਤਾ ਹੱਥੋਂ ਸ਼ੋਸ਼ਿਤ ਹੁੰਦੀ ਹੋਈ ਆਪਣੀ ਨਿਮਨ ਜਾਂ ਗੌਣ ਸਥਿਤੀ ਨੂੰ ਸੁਭਾਵਿਕ ਮੰਨਦੀ ਹੈ। ਉਹ ਆਦਰਸ਼ ਭਾਰਤੀ ਔਰਤ ਵਾਂਗ ਇਕ ਚੰਗੀ ਧੀ, ਚੰਗੀ ਪਤਨੀ ਅਤੇ ਚੰਗੀ ਮਾਂ ਬਣ ਕੇ ਜ਼ਿੰਦਗੀ ਭਰ ਦੂਸਰਿਆਂ ਦੀ ਖ਼ੁਸ਼ੀਆਂ ਲਈ ਆਪਣਾ ਆਪਾ ਨਿਛਾਵਰ ਕਰਦੀ ਰਹਿੰਦੀ ਹੈ। ਪਿੱਤਰਕੀ ਪ੍ਰਬੰਧ ਦੀ ਸ਼ਿਕਾਰ ਮਾਂ ਉਸ ਸਮੇਂ ਚਿੰਤਾ ਵਿੱਚ ਘਿਰ ਜਾਂਦੀ ਹੈ ਜਦੋਂ ਉਹ ਆਪਣੀ ਧੀ (ਬਿਰਤਾਂਤਕਾਰ) ਜਿਹੜੀ ਕਿ ਦੂਜੀ ਪੀੜ੍ਹੀ ਦੀ ਔਰਤ ਹੈ, ਅੰਦਰਲੀ ਬਗਾਵਤ ਨੂੰ ਮਹਿਸੂਸ ਕਰਦੀ ਹੈ। ਜਦੋਂ ਮਾਂ ਆਪਣੀ ਧੀ ਨੂੰ ਗੁੱਡੀਆਂ ਪਟੋਲੇ ਛੱਡ ਕੇ ਘਰੇਲੂ ਕੰਮ ਸਿੱਖਣ ਦੀਆਂ ਨਸੀਹਤਾਂ ਦਿੰਦੀ ਹੈ ਤਾਂ ਧੀ ਮਾਂ ਦੀ ਪ੍ਰੰਪਰਕ ਸੋਚ ਦੀ ਵਿਰੋਧਤਾ ਕਰਦੀ ਹੈ। ਧੀ ਦਾ ਬਾਗੀ ਵਿਹਾਰ ਦੇਖ ਕੇ ਮਾਂ ਆਪਣੀ ਪ੍ਰੰਪਰਕ ਸੋਚ ਅਤੇ ਸਮਝ ਮੁਤਾਬਿਕ ਉਸਨੂੰ ਪਿੱਤਰੀ ਸਮਾਜ ਵਿਚਲੀ ਔਰਤ ਦੀ ਸਥਿਤੀ ਤੋਂ ਵਾਕਫ਼ ਕਰਵਾਉਣ ਦੀ ਕੋਸ਼ਿਸ਼ ਕਰਦੀ ਹੋਈ ਉਸਨੂੰ ਆਪਣੀ ਸੋਚ ਅਤੇ ਵਿਹਾਰ ਬਦਲਣ ਦੀ ਹਦਾਇਤ ਦਿੰਦੀ ਹੈ :

> “ਬੇਗਾਨਿਆਂ ਮੂਹਰੇ ਇਉਂ ਬੋਲੇਂਗੀ ਤਾਂ ਉਨ੍ਹਾਂ ਨਹੀਂ ਝੱਲਣੀਆਂ ਤੇਰੀਆਂ...।”

"ਧੀਆਂ ਤਾਂ ਬੇਗਾਨਾ ਧਨ ਹੁੰਦੀਆਂ ...ਆਪਣਾ ਘਰ ਤਾਂ ਕੁੜੀ ਦਾ ਉਹ ਹੀ ਹੁੰਦੈ ਜਿਥੇ ਵਿਆਹੀ ਜਾਂਦੀ ਐ...।"

"...ਜਦੋਂ ਤੇਰੇ ਧੀ ਜੰਮੇਗੀ ਫੇਰ ਚੇਤੇ ਕਰੀਂ ਇਹ ਗੱਲਾਂ।"[7]

ਇੱਥੇ ਮਾਂ ਦੀਆਂ ਮੱਤਾਂ ਪਿੱਛੇ ਜਿੱਥੇ ਉਸ ਅੰਦਰਲਾ ਪਿੱਤਰਸੱਤਾ ਦੁਆਰਾ ਪੈਦਾ ਕੀਤਾ ਡਰ ਪ੍ਰਗਟ ਹੋ ਰਿਹਾ ਹੈ, ਉੱਥੇ ਉਸਦੀ ਬੇਬਸੀ, ਮਜ਼ਬੂਰੀ ਅਤੇ ਹੀਣੀ ਸਥਿਤੀ ਦਾ ਦਰਦ ਵੀ ਉੱਭਰ ਕੇ ਸਾਹਮਣੇ ਆ ਰਿਹਾ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਮਾਂ ਅਗਿਆਨਤਾ ਵੱਸ ਜਿੱਥੇ ਧੀ ਅੰਦਰ ਉਸ ਡਰ ਦਾ ਪ੍ਰਸਾਰ ਕਰ ਰਹੀ ਹੈ, ਉੱਥੇ ਬੜੇ ਸੂਖ਼ਮ ਤਰੀਕੇ ਨਾਲ ਉਸਨੂੰ ਪਿੱਤਰਕੀ ਪ੍ਰਬੰਧ ਦਾ ਹਿੱਸਾ ਬਣਨ ਲਈ ਮਜ਼ਬੂਰ ਵੀ ਕਰ ਰਹੀ ਹੈ। ਨਾਰੀਵਾਦ ਅਨੁਸਾਰ, ਔਰਤ ਨੂੰ ਸਰੀਰਕ ਅਤੇ ਮਾਨਸਿਕ ਪੱਖੋਂ ਕਮਜ਼ੋਰ ਅਤੇ ਨਕਾਰਾ ਬਣਾਉਣ ਦੀ ਪ੍ਰਕ੍ਰਿਆ ਘਰ, ਪਰਿਵਾਰ ਅਤੇ ਸਿੱਖਿਆ ਸੰਸਥਾਵਾਂ ਜਿਹੀਆਂ ਸਮਾਜ ਦੀਆਂ ਮੁੱਢਲੀਆਂ ਇਕਾਈਆਂ ਰਾਹੀਂ ਘਟਿਤ ਹੁੰਦੀ ਹੈ। ਮਾਂ, ਦਾਦੀ, ਨਾਨੀ ਅਤੇ ਪੜਨਾਨੀ ਲੜਕੀ ਨੂੰ ਬਚਪਨ ਤੋਂ ਹੀ ਪ੍ਰੰਪਰਕ ਔਰਤ ਬਣਾਉਣ ਲਈ ਮੁੱਢਲੀ ਪ੍ਰੇਰਕ ਸ਼ਕਤੀ ਵਜੋਂ ਕਾਰਜ ਕਰਦੀਆਂ ਹਨ, ਜਿਸਦੇ ਸਿੱਟੇ ਵਜੋਂ ਔਰਤ ਅਵਚੇਤਨ ਦੀ ਬਣਤਰ ਪਿੱਤਰਕੀ ਪ੍ਰਬੰਧ ਅਨੁਕੂਲ ਬਣਦੀ, ਵਿਗਸਦੀ ਅਤੇ ਪ੍ਰਭਾਵਿਤ ਹੁੰਦੀ ਹੈ। ਇਸੇ ਲਈ ਨਾਰੀਵਾਦੀ ਚਿੰਤਕ ਔਰਤ ਦੀ ਪੈਤਰਿਕ ਮਾਨਸਿਕ ਘਾੜਤ ਲਈ ਸਭ ਤੋਂ ਵੱਧ ਜ਼ਿੰਮੇਵਾਰ ਔਰਤ ਨੂੰ ਹੀ ਮੰਨਦੇ ਹੋਏ ਉਸਨੂੰ ਪਿੱਤਰਸੱਤਾ, ਪਿੱਤਰਕੀ ਭਾਸ਼ਾ ਅਤੇ ਪਿੱਤਰੀ ਸੰਸਥਾਵਾਂ ਵਿਚਲੀ ਸਿਆਸਤ ਨੂੰ ਸਮਝਣ ਲਈ ਚੇਤੰਨ ਕਰਦੇ ਹਨ। ਨਾਈਜੀਰੀਅਨ ਨਾਰੀਵਾਦੀ ਲੇਖਿਕਾ ਚੀਮਾਮੰਡਾ ਨਗੋਜ਼ੀ ਐਡੀਚੇ (Chimamanda Ngozi Adichie) ਇਕ ਔਰਤ (ਮਾਂ) ਨੂੰ ਜਾਗਰੂਕ ਕਰਦੀ ਹੋਈ ਆਪਣੀ ਕਿਤਾਬ 'ਡੀਅਰ ਇਜ਼ਾਵਲੀ' ਵਿੱਚ ਲਿਖਦੀ ਹੈ :

> ਧੀਆਂ ਨੂੰ ਕਦੀ ਵੀ ਰਵਾਇਤੀ ਢਾਂਚੇ ਵਿੱਚ ਢਾਲਣ ਦਾ ਯਤਨ ਨਹੀਂ ਕਰਨਾ ਚਾਹੀਦਾ; ਉਹਨਾਂ ਤੇ ਇਹ ਇੱਛਾ ਨਹੀਂ ਥੋਪਣੀ ਚਾਹੀਦੀ ਕਿ ਉਹ ਹੈਲੀਕਾਪਟਰਾਂ ਦੀ ਥਾਂ 'ਤੇ ਗੁੱਡੀਆਂ-ਪਟੋਲਿਆਂ ਨਾਲ ਖੇਡਣ। ਕਿਸੇ ਧੀ ਨੂੰ ਕਦੀ ਵੀ ਇਹ ਸੁਝਾਅ ਨਹੀਂ ਦਿੱਤਾ ਜਾਣਾ ਚਾਹੀਦਾ ਕਿ ਉਸਨੂੰ ਕੋਈ ਕੰਮ ਇਸ ਲਈ ਨਹੀਂ ਕਰਨਾ ਚਾਹੀਦਾ ਹੈ ਕਿਉਂਕਿ ਉਹ ਇਕ ਕੁੜੀ ਹੈ। ...ਬੱਚੀ ਨੂੰ ਪੜ੍ਹਨ ਤੇ ਕਿਤਾਬਾਂ ਨਾਲ ਪਿਆਰ ਪਾਉਣ ਲਈ ਪ੍ਰੇਰਿਤ ਕੀਤਾ ਜਾਵੇ। ...ਸਾਨੂੰ ਆਪਣੀਆਂ ਧੀਆਂ ਨੂੰ ਭਾਸ਼ਾ ਬਾਰੇ ਸਵਾਲ ਕਰਨੇ ਸਿਖਾਉਣੇ ਚਾਹੀਦੇ ਹਨ। ਮਰਦ-ਪ੍ਰਧਾਨ ਸੋਚ ਦੀ ਪੱਖਪਾਤੀ ਸਮਝ ਅਤੇ

ਤੁਅੱਸਬ ਸਾਡੀ ਭਾਸ਼ਾ ਵਿੱਚ ਲੁਕੇ ਹੁੰਦੇ ਹਨ। ...ਵਿਆਹ ਕੁੜੀਆਂ ਦੀ ਜ਼ਿੰਦਗੀ ਦਾ ਆਦਰਸ਼ ਜਾਂ ਆਖ਼ਰੀ ਟੀਚਾ ਨਹੀਂ ਹੋਣਾ ਚਾਹੀਦਾ।[8]

ਕਹਾਣੀ ਵਿੱਚ ਪਹਿਲੀ ਪੀੜ੍ਹੀ ਦੀ ਔਰਤ ਪਾਤਰ ਮਾਂ ਪਿੱਤਰੀ ਪ੍ਰਬੰਧ ਦੀ ਪਕੜ ਹੇਠ ਹੋਣ ਕਾਰਨ ਪ੍ਰੰਪਰਕ ਔਰਤ ਵਜੋਂ ਸਾਹਮਣੇ ਆਉਂਦੀ ਹੈ, ਉੱਥੇ ਦੂਜੀ ਪੀੜ੍ਹੀ ਦੀ ਔਰਤ (ਬਿਰਤਾਂਤਕਾਰ) ਇਕ ਚੇਤਨਸ਼ੀਲ ਨਾਰੀ ਵਜੋਂ ਉੱਭਰਦੀ ਹੈ। ਵਿਆਹ ਤੋਂ ਬਾਅਦ ਪੱਛਮੀ ਸਮਾਜ ਸਭਿਆਚਾਰ ਵਿੱਚ ਜੀਅ ਰਹੀ ਬਿਰਤਾਂਤਕਾਰ ਜਦੋਂ ਆਪਣੀ ਸਥਿਤੀ ਨੂੰ ਵਾਚਦੀ ਹੈ ਤਾਂ ਉਸਨੂੰ ਆਪਣਾ ਵਜੂਦ ਵੀ ਮਾਂ, ਤਾਈ, ਦਾਦੀ ਅਤੇ ਨਾਨੀ ਵਾਂਗ ਗੁਆਚਿਆ ਮਹਿਸੂਸ ਹੁੰਦਾ ਹੈ। ਸਹੁਰੇ ਘਰ ਵਿੱਚ ਉਸਨੂੰ ਆਪਣੀ ਹੋਂਦ ਮਾਤਰ ਦੂਸਰੀਆਂ ਘਰੇਲੂ ਵਸਤੂਆਂ ਸਮਾਨ ਜਾਪਣ ਲੱਗਦੀ ਹੈ। ਆਪਣੀ ਸਥਿਤੀ ਨੂੰ ਬਿਰਤਾਂਤਕਾਰ ਇਸ ਤਰ੍ਹਾਂ ਬਿਆਨ ਕਰਦੀ ਹੈ :

...ਮੈਂ ਅੰਦਰੋਂ ਬਾਹਰੋਂ ਤਿੜਕ ਕੇ ਟੁੱਟਦੀ ਰਹੀ ਹਾਂ। ...ਮੈਂ ਵੀ ਆਪਣੀ ਨਾਨੀ ਤੇ ਮਾਂ ਵਾਂਗ ਬੇਗਾਨੇ ਘਰ ਵਿੱਚ ਬੇਗਾਨੀ ਜਿਹੀ ਬਣ ਕੇ ਵਰ੍ਹਿਆਂ ਤੋਂ ਜਿਉਂ ਰਹੀ ਹਾਂ। ਜਿਨ੍ਹਾਂ ਦੀ ਮੈਂ ਕਦੀ ਬਣ ਨਹੀਂ ਸਕੀ ਤੇ ਜਿਹੜੇ ਮੈਨੂੰ ਆਪਣੀ ਨਹੀਂ ਬਣਾ ਸਕੇ।[9]

ਪਿੱਤਰੀ ਵਿਆਹ ਸੰਸਥਾ ਹੱਥੋਂ ਸ਼ੋਸ਼ਿਤ ਹੋ ਰਹੀ ਬਿਰਤਾਂਤਕਾਰ ਨੂੰ ਅਜਿਹੇ ਸਮੇਂ ਆਪਣੀ ਸਹੇਲੀ ਮਨਜਿੰਦਰ ਦੇ ਕਹੇ ਬੋਲ ਯਾਦ ਆਉਂਦੇ ਹਨ :

"ਪਿਛਲਿਆਂ ਲਈ ਅਸੀਂ ਬੇਗਾਨਾ ਧਨ ਅਤੇ ਮੂਹਰਿਆਂ ਲਈ ਬੇਗਾਨੇ ਘਰੋਂ ਆਈਆਂ ...ਫੇਰ ਦੱਸ ਆਪਣਾ ਘਰ ਕਿਹੜਾ ਹੋਇਆ?"[10]

ਦਰਅਸਲ ਇੱਥੇ ਹਾਸ਼ੀਏ 'ਤੇ ਖੜ੍ਹੀ ਬਿਰਤਾਂਤਕਾਰ ਦੀ ਚੇਤਨਤਾ ਵਿੱਚੋਂ ਉੱਠਿਆ 'ਆਪਣੇ ਘਰ' ਦਾ ਸਵਾਲ ਜਿੱਥੇ ਪਿੱਤਰਕੀ ਸਮਾਜਿਕ ਪ੍ਰਬੰਧ ਵਿੱਚ ਔਰਤ ਦੀ ਦੁਜੈਲੀ, ਨਿਗੁਣੀ ਅਤੇ ਨਿਮਨ ਸਥਿਤੀ ਦੇ ਕਾਰਨਾਂ ਨੂੰ ਰੂਪਮਾਨ ਕਰਦਾ ਹੈ, ਉੱਥੇ ਔਰਤ ਨੂੰ ਆਪਣੇ ਪ੍ਰਮਾਣਿਕ ਘਰ ਅਤੇ ਆਤਮ ਪਛਾਣ ਦੀ ਤਲਾਸ਼ ਵੱਲ ਵੀ ਤੋਰਦਾ ਹੈ। ਔਰਤ ਦੀ ਇਹ ਤ੍ਰਾਸਦੀ ਹੈ ਕਿ ਪਿੱਤਰਸੱਤਾਤਮਕ ਸਮਾਜ ਵਿੱਚ ਔਰਤ ਦੇ ਆਪਣੇ ਘਰ ਦਾ ਕੋਈ ਸੰਕਲਪ ਹੀ ਮੌਜੂਦ ਨਹੀਂ ਹੈ। ਔਰਤ ਜਿਸ ਘਰ ਜੰਮਦੀ ਹੈ, ਉਹ ਉਸਦੇ ਬਾਪ ਅਤੇ ਭਰਾ ਦਾ ਘਰ ਹੈ ਅਤੇ ਜਿਸ ਘਰ ਵਿੱਚ ਉਹ ਵਿਆਹੀ ਜਾਂਦੀ ਹੈ ਉਹ ਉਸਦੇ ਪਤੀ ਅਤੇ ਅੱਗੋਂ ਪੁੱਤਰ ਦਾ ਘਰ ਹੈ। ਪਿਤਾ ਦੇ ਘਰ ਵਿੱਚ ਉਸਨੂੰ ਹਰ ਵਕਤ ਇਹ ਅਹਿਸਾਸ ਕਰਾਇਆ ਜਾਂਦਾ ਹੈ ਕਿ ਉਸਦਾ ਘਰ ਜਾਂ ਸਥਾਈ ਟਿਕਾਣਾ ਪਤੀ ਦਾ ਘਰ ਹੈ ਅਤੇ ਪਤੀ ਦੇ ਘਰ ਵਿੱਚ ਉਹ ਬੇਗਾਨੇ ਘਰੋਂ ਆਈ ਹੋਣ ਦੇ ਸੰਤਾਪ ਨੂੰ ਝੱਲਦੀ ਹੈ। ਇਹ ਅਜਿਹੀ ਵਿੱਚ ਵਿਚਾਲੇ ਵਾਲੀ ਸਥਿਤੀ ਕਾਰਨ ਉਹ ਬੇਘਰ ਅਤੇ ਬਨਵਾਸੀ ਹੋਣ ਦਾ ਦਰਦ ਹੰਢਾਉਂਦੀ

ਰਹਿੰਦੀ ਹੈ। ਨਾਰੀਵਾਦੀ ਲੇਖਿਕਾ ਵਰਜੀਨਿਆ ਵੂਲਫ਼ ਔਰਤ ਦੀ ਸੁਤੰਤਰ ਹੋਂਦ ਅਤੇ ਅਸਤਿਤਵੀ ਪਛਾਣ ਲਈ ਔਰਤ ਦੇ ਆਪਣੇ ਘਰ (Room of one's own) ਨੂੰ ਜ਼ਰੂਰੀ ਮੰਨਦੀ ਹੈ। ਉਹ ਪਿੱਤਰਕੀ ਘਰ ਨੂੰ ਔਰਤ ਦੀ ਗ਼ੁਲਾਮੀ ਨਾਲ ਜੋੜ ਕੇ ਦੇਖਦੀ ਹੈ ਜਿਥੇ ਮਰਦ ਸੱਤਾ ਹੇਠ ਔਰਤ ਦੀਆਂ ਅਸੀਮ ਸੰਭਾਵਨਾਵਾਂ ਦੱਬ ਕੇ ਰਹਿ ਜਾਂਦੀਆਂ ਹਨ। ਔਰਤ ਦੇ 'ਆਪਣੇ ਘਰ' ਦੀ ਸੰਕਲਪਣਾ ਕਰਦੀ ਹੋਈ ਵਰਜੀਨਿਆ ਵੂਲਫ਼ ਲਿਖਦੀ ਹੈ :

> ਇਸਤਰੀ ਆਪਣਾ ਸਿਰਜਣਾਤਮਕ ਵਿਕਾਸ ਕਰੇ, ਸੁਖ ਅਤੇ ਸ਼ਾਂਤੀ ਨਾਲ ਜੀਵਨ ਬਤੀਤ ਕਰੇ ਇਸਦੇ ਲਈ ਜ਼ਰੂਰੀ ਹੈ ਕਿ ਉਸ ਕੋਲ ਆਪਣਾ ਘਰ ਅਤੇ ਪੈਸਾ ਹੋਣਾ ਚਾਹੀਦਾ ਹੈ। ਘਰ ਉਸਦੀ ਸੁਤੰਤਰਤਾ ਦਾ ਪ੍ਰਤੀਕ ਹੈ। ਅਜਿਹੇ ਕਮਰੇ ਦੀ ਕਲਪਨਾ ਕਰੋ ਜਿਸ ਵਿੱਚ ਹਜ਼ਾਰਾਂ ਖਿੜਕੀਆਂ ਹੋਣ। ਉਸ ਕਮਰੇ ਦੇ ਅੰਦਰ ਇਕ ਟੇਬਲ ਹੋਵੇ, ਸਾਦਾ ਕਾਗਜ਼ ਹੋਣ ਅਤੇ ਉਸ ਉੱਤੇ ਵੱਡੇ-ਵੱਡੇ ਅੱਖਰਾਂ ਵਿੱਚ ਲਿਖਿਆ ਹੋਵੇ-ਇਸਤਰੀ ਅਤੇ ਕਹਾਣੀ।[11]

ਬਿਰਤਾਂਤਕਾਰ ਅਜਿਹੀ ਪਰਵਾਸੀ ਪੰਜਾਬੀ ਔਰਤ ਹੈ ਜਿਹੜੀ ਪਿੱਤਰਸੱਤਾ ਦੀਆਂ ਨਾਰੀ ਵਿਰੋਧੀ ਕੀਮਤਾਂ ਨੂੰ ਤਾਂ ਗੰਭੀਰਤਾ ਨਾਲ ਸਮਝਦੀ ਹੈ ਪਰ ਆਪਣੀ ਆਜ਼ਾਦੀ ਲਈ ਇਸ ਨੂੰ ਬਦਲਣ ਦਾ ਕੋਈ ਹੱਲ ਨਹੀਂ ਤਲਾਸ਼ਦੀ। ਉਹ ਪਿੱਤਰਕੀ ਪ੍ਰਬੰਧ ਵਿਚਲੀ ਵਿਆਹ ਸੰਸਥਾ ਦੇ ਸੰਤਾਪ ਨੂੰ ਭੋਗ ਰਹੀ ਹੈ। ਆਪਣੀ ਹਾਸ਼ੀਆਕ੍ਰਿਤ ਸਥਿਤੀ ਪ੍ਰਤੀ ਸੁਚੇਤ ਹੋਣ ਦੇ ਬਾਵਜੂਦ ਉਹ ਪ੍ਰੰਪਰਕ ਕਦਰਾਂ-ਕੀਮਤਾਂ ਨੂੰ ਨਿਭਾ ਵੀ ਰਹੀ ਹੈ ਅਤੇ ਦੁਖੀ ਵੀ ਹੋ ਰਹੀ ਹੈ। ਉਹ ਚਾਹ ਕੇ ਵੀ ਆਪਣੀ ਸਥਿਤੀ ਨਾ ਬਦਲ ਸਕਣ ਦੀ ਮਜ਼ਬੂਰੀ ਨੂੰ ਆਪਣੀ ਮਾਂ ਦੀ ਸੋਚ ਦੇ ਹਵਾਲੇ ਨਾਲ ਜ਼ਾਹਰ ਕਰਦੀ ਕਹਿੰਦੀ ਹੈ :

> "ਇਹ ਰਿਸ਼ਤੇ ਐਨੇ ਸੌਖੇ ਨਈਂ ਹੁੰਦੇ ਤੋੜਨੇ, ਇਨ੍ਹਾਂ ਦੇ ਟੁੱਟਣ ਨਾਲ ਹੋਰ ਵੀ ਬਹੁਤ ਕੁਝ ਟੁੱਟ ਜਾਂਦੈਂ ...ਪੂਰੇ ਦਾ ਪੂਰਾ ਖਾਨਦਾਨ ਢਹਿ ਢੇਰੀ ਹੋ ਜਾਦੈਂ।"[12]

ਪਰ ਜਿਵੇਂ-ਜਿਵੇਂ ਬਿਰਤਾਂਤਕਾਰ ਜੀਵਨ ਵਿੱਚ ਅੱਗੇ ਵੱਧਦੀ ਹੈ ਤਿਵੇਂ-ਤਿਵੇਂ ਉਸ ਅੰਦਰਲੀ ਨਾਰੀ ਚੇਤੰਨਤਾ ਵਧੇਰੇ ਪ੍ਰੋੜ ਰੂਪ ਧਾਰ ਕੇ ਸਾਹਮਣੇ ਆਉਂਦੀ ਹੈ। ਉਹ ਭਾਵੇਂ ਆਪਣੀ ਸਥਿਤੀ ਨੂੰ ਬਦਲਣ ਵਿੱਚ ਕਾਮਯਾਬ ਨਹੀਂ ਹੋ ਸਕੀ ਪ੍ਰੰਤੂ ਉਹ ਆਪਣੀ ਧੀ ਸਾਵੀਨਾ ਨੂੰ ਇਕ ਮਜ਼ਬੂਤ ਔਰਤ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨਾ ਚਾਹੁੰਦੀ ਹੈ ਤਾਂ ਜੋ ਉਸਦੀ ਧੀ ਆਪਣੀ ਸੁਤੰਤਰ ਪਛਾਣ ਨੂੰ ਬਣਾਉਣ ਵਿੱਚ ਕਾਮਯਾਬ ਹੋ ਸਕੇ। ਉਹ

ਆਪਣੇ ਅੰਦਰ ਅਜਿਹੀ ਮਾਂ ਪੈਦਾ ਨਹੀਂ ਹੋਣ ਦੇਣਾ ਚਾਹੁੰਦੀ ਜਿਹੜੀ ਉਸਦੀ ਮਾਂ ਅਤੇ ਨਾਨੀ ਵਾਂਗ ਆਪਣੀ ਧੀ ਨੂੰ ਡਰਪੋਕ, ਦੱਬੂ ਅਤੇ ਕਮਜ਼ੋਰ ਬਣਾ ਦੇਵੇ। ਉਹ ਧੀ ਸਾਵੀਨਾ ਅੰਦਰ ਨਾਰੀ ਚੇਤਨਾ ਨੂੰ ਪ੍ਰਸਾਰਿਤ ਕਰਕੇ ਨਵਾਂ ਸਮਾਜ ਸਿਰਜਣ ਦੇ ਆਪਣੇ ਅਧੂਰੇ ਰਹਿ ਗਏ ਸੁਪਨੇ ਨੂੰ ਪੂਰਾ ਕਰਨਾ ਚਾਹੁੰਦੀ ਹੈ। ਕਹਾਣੀ ਵਿੱਚ ਜਦੋਂ ਸਾਵੀਨਾ ਦਾ ਭਰਾ ਉਸਨੂੰ ਕਹਿੰਦਾ ਹੈ ਕਿ ਇਹ ਘਰ ਤੇਰਾ ਨਹੀਂ, ਮੇਰਾ ਹੈ ਅਤੇ ਤੈਨੂੰ ਆਪਣੇ ਪਤੀ ਦੇ ਘਰ ਰਹਿਣਾ ਪਵੇਗਾ ਅਤੇ ਜਿਹੜਾ ਤੈਨੂੰ ਆਪਣੇ ਘਰ ਵਿੱਚੋਂ ਬਾਹਰ ਵੀ ਕੱਢ ਸਕਦਾ ਹੈ ਤਾਂ ਆਪਣੇ ਭਰਾ ਦੀਆਂ ਦਲੀਲਾਂ ਨੂੰ ਸਾਵੀਨਾ ਜਿਸ ਨਿਡਰਤਾ ਅਤੇ ਜ਼ੁਰੱਅਤ ਨਾਲ ਰੱਦ ਕਰਦੀ ਹੈ ਉਸਨੂੰ ਦੇਖ ਕੇ ਮਾਂ ਬੇਹੱਦ ਖ਼ੁਸ਼ ਅਤੇ ਸੰਤੁਸ਼ਟ ਹੁੰਦੀ ਹੈ। ਸਾਵੀਨਾ ਦੇ ਵਿਚਾਰਾਂ ਵਿੱਚੋਂ ਮਾਂ ਨੂੰ ਭਵਿੱਖ ਵਿਚਲੀ ਦਲੇਰ ਅਤੇ ਨਿਡਰ ਔਰਤ ਦਾ ਰੂਪ ਦਿਖਾਈ ਦਿੰਦਾ ਹੈ ਜਿਹੜੀ ਪਿੱਤਰਸੱਤਾ ਦੁਆਰਾ ਨਿਸ਼ਚਿਤ ਹੱਦ ਬੰਦੀਆਂ ਨੂੰ ਤੋੜ ਦੇਵੇਗੀ ਅਤੇ ਆਪਣਾ ਘਰ ਖ਼ੁਦ ਸਿਰਜੇਗੀ। ਸਾਵੀਨਾ ਦੇ ਵਿਚਾਰ ਨਵੀਂ ਪੀੜ੍ਹੀ ਦੀ ਔਰਤ ਦੀ ਸੋਚ ਦੀ ਤਰਜ਼ਮਾਨੀ ਕਰਦੇ ਹਨ:

> "ਯੂ ਨੋ ਵੱਟ ਜਦੋਂ ਮੈਂ ਵੱਡੀ ਹੋ ਗਈ ਮੈਂ ਬਹੁਤ ਕੰਮ ਕਰਾਂਗੀ ...ਆਈ ਵਿੱਲ ਵਰਕ ਹਾਰਡ ...ਫੇਰ ਮੈਂ ਆਪਣਾ ਘਰ ਆਪ ਖ੍ਰੀਦਾਂਗੀ ...ਆਈ ਵਿੱਲ ਬਾਏ ਮਾਈ ਓਨ ਹਾਊਸ ...ਫੇਰ ਜੇ ਮੇਰੇ ਹਸਬੈਂਡ ਨੇ ਮੈਨੂੰ ਕੁਝ ਕਿਹਾ ਤਾਂ ਮੈਂ ਉਸਨੂੰ ਘਰੋਂ ਕੱਢ ਦਿਆਂਗੀ ...ਆਈ ਵਿੱਲ ਕਿੱਕ ਹਿੰਮ ਆਊਟ ਔਫ ਮਾਈ ਹਾਊਸ?"[13]

ਕਹਾਣੀ ਵਿੱਚ ਸਾਵੀਨਾ ਦਾ ਉਪਰੋਕਤ ਵਿਚਾਰ ਜਿੱਥੇ ਨਾਰੀ ਚੇਤਨਾ ਦੇ ਪੱਖ ਤੋਂ ਵਿਸ਼ੇਸ਼ ਅਰਥ ਰੱਖਦਾ ਹੈ ਉੱਥੇ ਤੀਜੀ ਪੀੜ੍ਹੀ ਦੀ ਨਾਰੀ ਦੀ ਬਦਲ ਰਹੀ ਸੋਚ ਅਤੇ ਪਰਿਵਰਤਿਤ ਹੋ ਰਹੀ ਸਥਿਤੀ ਵੱਲ ਵੀ ਇਸ਼ਾਰਾ ਕਰਦਾ ਹੈ। ਪਾਤਰ ਸਵੀਨਾ ਦੀ ਸੋਚ ਨਾਰੀਵਾਦੀ ਦੇ ਅਸਲ ਮਕਸਦ ਨੂੰ ਪ੍ਰਗਟਾਉਂਦੀ ਹੈ। ਨਾਰੀਵਾਦ ਔਰਤ ਦੀ ਸੁਤੰਤਰਤਾ ਲਈ ਉਸ ਨੂੰ ਆਰਥਿਕ ਪੱਖੋਂ ਨਿਰਭਰ ਬਣਾਉਣ 'ਤੇ ਜ਼ੋਰ ਦਿੰਦਾ ਹੈ। ਸਵੈ-ਨਿਰਭਰ ਔਰਤ ਹੀ ਪਿੱਤਰਸੱਤਾ ਦਾ ਮੁਕਾਬਲਾ ਕਰਨ ਦੇ ਸਮਰੱਥ ਹੋ ਸਕਦੀ ਹੈ। ਪਾਤਰ ਸਾਵੀਨਾ ਭਵਿੱਖ ਦੀ ਔਰਤ ਦਾ ਰੂਪ ਹੈ ਜਿਹੜੀ ਹਰ ਉਸ ਪਿੱਤਰਕੀ ਵਰਤਾਰੇ ਦਾ ਵਿਰੋਧ ਕਰਨ ਦੀ ਹਿੰਮਤ ਰੱਖੇਗੀ ਜਿਹੜਾ ਉਸਦੀ ਸੁਤੰਤਰ ਹੋਂਦ ਲਈ ਖਤਰਾ ਬਣੇਗਾ। ਇਹ ਔਰਤ ਆਪਣੀ ਮਰਜ਼ੀ ਦੀ ਮਾਲਕ ਖ਼ੁਦ ਹੋਵੇਗੀ। ਉਹ ਆਪਣਾ ਅਸਤਿਤਵੀ ਘਰ ਖ਼ੁਦ ਬਣਾਏਗੀ ਜਿੱਥੇ ਉਹ ਆਪਣੀਆਂ ਅਨੰਤ ਸੰਭਾਵਨਾਵਾਂ ਅਤੇ ਕਾਮਨਾਵਾਂ ਨੂੰ ਸਾਕਾਰ ਕਰ ਸਕੇ। ਪਾਤਰ ਸਾਵੀਨਾ ਦੀ ਸੋਚ ਰਾਹੀਂ ਕਹਾਣੀਕਾਰ ਭਵਿੱਖ ਵਿਚਲੇ ਪਤੀ-ਪਤਨੀ ਸੰਬੰਧਾਂ ਦਾ ਨਵਾਂ ਮਾਡਲ ਪੇਸ਼ ਕਰਦੀ ਹੈ ਜਿਹੜੇ ਬਰਾਬਰਤਾ ਤੇ ਆਧਾਰਿਤ ਹੋਣਗੇ।

'ਉਥੇ ਲੈ ਚਲ ਚਰਖਾ ਮੇਰਾ' ਕਹਾਣੀ ਅੰਤਰ-ਸਭਿਆਚਾਰਕ ਦਵੰਦ ਕਾਰਨ ਪਤੀ-ਪਤਨੀ ਰਿਸ਼ਤੇ ਵਿੱਚ ਪੈਦਾ ਹੋਏ ਤਣਾਉ ਨੂੰ ਪੇਸ਼ ਕਰਦੀ ਹੈ। ਕਹਾਣੀ ਦੀ ਮੁੱਖ ਪਾਤਰ ਪ੍ਰੀਤੋ ਪੰਜਾਬ ਤੋਂ ਅਮਰੀਕਾ ਪਹੁੰਚ ਕੇ ਪ੍ਰਿਟੀ ਬਣ ਜਾਂਦੀ ਹੈ। ਪਾਤਰ ਪ੍ਰੀਤੋ ਦਾ ਪ੍ਰਿਟੀ ਵਿੱਚ ਸਭਿਆਚਾਰਕ ਰੂਪਾਂਤਰਣ ਪਤੀ-ਪਤਨੀ ਸੰਬੰਧਾਂ ਨੂੰ ਇਸ ਕਦਰ ਪ੍ਰਭਾਵਿਤ ਕਰਦਾ ਹੈ ਕਿ ਉਹ ਦੋਵੇਂ ਇਕ ਘਰ ਵਿੱਚ ਰਹਿੰਦੇ ਹੋਏ ਇਕ ਦੂਜੇ ਲਈ ਅਜਨਬੀ ਬਣ ਜਾਂਦੇ ਹਨ। ਪਾਤਰ ਪ੍ਰੀਤੋ ਅੰਦਰਲੀ ਪੱਛਮੀ ਸਭਿਆਚਾਰ ਵਿਚਲੀ ਵਿਅਕਤੀਗਤ ਆਜ਼ਾਦੀ ਨੂੰ ਮਾਣਨ ਦੀ ਪ੍ਰਬਲ ਇੱਛਾ ਉਸਨੂੰ ਪੂਰਬੀ ਸਭਿਆਚਾਰ ਨਾਲੋਂ ਵੱਖ ਕਰ ਦਿੰਦੀ ਹੈ। ਪ੍ਰੀਤੋ ਤੋਂ ਪ੍ਰਿਟੀ ਬਣੀ ਪਾਤਰ ਪ੍ਰੀਤੋ ਦਾ ਨਾ ਕੇਵਲ ਪਹਿਰਾਵਾ ਬਦਲ ਜਾਂਦਾ ਹੈ ਬਲਕਿ ਉਸਦੀ ਸੋਚ ਅਤੇ ਵਿਹਾਰ ਵੀ ਪੱਛਮੀ ਸਭਿਆਚਾਰਕ ਕਦਰਾਂ-ਕੀਮਤਾਂ ਦੇ ਅਨੁਸਾਰ ਪਰਵਰਤਿਤ ਹੋ ਜਾਂਦਾ ਹੈ। ਪ੍ਰੀਤੋ ਦੀ ਪੱਛਮੀ ਦਿੱਖ ਅਤੇ ਪੱਛਮੀ ਜੀਵਨ ਵਿਹਾਰ ਪਿੱਤਰੀ ਮਾਨਸਿਕਤਾ ਵਾਲੇ ਪਤੀ ਗੁਰਚੇਤਨ ਨੂੰ ਹਰਗਿਜ਼ ਪ੍ਰਵਾਨ ਨਹੀਂ। ਉਹ ਪ੍ਰੀਤੋ ਨੂੰ ਉਸੇ ਰੂਪ ਵਿੱਚ ਦੇਖਣਾ ਚਾਹੁੰਦਾ ਹੈ ਜਿਸ ਪ੍ਰੀਤੋ ਨੂੰ ਉਹ ਪੰਜਾਬ ਰਹਿੰਦਿਆਂ ਵਿਆਹ ਕੇ ਲਿਆਇਆ ਸੀ। ਦੂਜੇ ਪਾਸੇ ਪ੍ਰੀਤੋ ਪ੍ਰਿਟੀ ਬਣ ਕੇ ਵਧੇਰੇ ਖ਼ੁਸ਼ ਸੀ ਅਤੇ ਉਹ ਚਾਹੁੰਦੀ ਹੈ ਕਿ ਉਸਦਾ ਪਤੀ ਪ੍ਰੰਪਰਕ ਪ੍ਰੀਤੋ ਨੂੰ ਭੁੱਲ ਕੇ ਨਵੇਂ ਦੇਸ਼ ਵਿੱਚ ਰਹਿ ਰਹੀ ਆਧੁਨਿਕ ਸੋਚ ਵਾਲੀ ਪ੍ਰਿਟੀ ਨੂੰ ਸਵੀਕਾਰ ਕਰੇ :

> "ਕੀ ਆ ਜੀ ਪੀਤੋ ਪੀਤੋ ਲਾਈ ਐ ...ਪ੍ਰਿਟੀ ਕਿਹਾ ਕਰੋ ...ਪੀਤੋ ਰਹਿ ਗਈ ਪਿੰਡ ਇੰਡੀਆ 'ਚ ਈ ...।"[14]

ਦਰਅਸਲ ਪਾਤਰ ਪ੍ਰੀਤੋ ਦਾ ਪ੍ਰਿਟੀ ਬਣਨਾ ਪਿੱਤਰਸੱਤਾ ਦੁਆਰਾ ਸਿਰਜਤ ਪਛਾਣ ਨੂੰ ਖ਼ਤਮ ਕਰਕੇ ਆਪਣੀ ਸਵੈ ਸਿਰਜਤ ਪਛਾਣ ਨੂੰ ਸਥਾਪਿਤ ਕਰਦਿਆਂ ਹੋਇਆ ਜ਼ਿੰਦਗੀ ਨੂੰ ਭਰਪੂਰਤਾ ਸਹਿਤ ਮਾਨਣ ਦੀ ਚਾਹਤ ਨੂੰ ਦਰਸਾਉਂਦਾ ਹੈ। ਪਾਤਰ ਪ੍ਰੀਤੋ ਦਾ ਪ੍ਰਿਟੀ ਬਣ ਕੇ ਵਿਚਰਨਾ ਉਸਨੂੰ ਵਧੇਰੇ ਮਾਨਸਿਕ ਸਕੂਨ ਦਿੰਦਾ ਹੈ। ਹੁਣ ਤੱਕ ਉਹ ਪ੍ਰੀਤੋ ਬਣ ਕੇ ਜਿਹਨਾਂ ਅੰਤਰੀਵੀ ਖ਼ਾਹਿਸ਼ਾਂ ਨੂੰ ਦਬਾਉਂਦੀ ਆਈ ਹੈ ਉਨ੍ਹਾਂ ਚਾਹਤਾਂ, ਸੱਧਰਾਂ ਦੀ ਪੂਰਤੀ ਉਹ ਪ੍ਰਿਟੀ ਬਣ ਕੇ ਕਰਨਾ ਲੋਚਦੀ ਹੈ। ਪਰ ਸਥਿਤੀ ਦਾ ਦੁਖਾਂਤ ਹੈ ਕਿ ਪ੍ਰੀਤੋ ਤੋਂ ਪ੍ਰਿਟੀ ਬਣੀ ਪਾਤਰ ਪ੍ਰੀਤੋ ਭਾਵੇਂ ਖ਼ੁਸ਼ੀ ਅਤੇ ਹੁਲਾਸ ਨਾਲ ਭਰੀ ਹੋਈ ਸੀ ਪਰ ਉਸਦਾ ਪਤੀ ਗੁਰਚੇਤਨ ਪ੍ਰੀਤੋ ਦੀ ਬਦਲੀ ਹੋਈ ਸੋਚ ਤੇ ਵਿਹਾਰ ਕਾਰਨ ਮਾਨਸਿਕ ਰੂਪ ਵਿੱਚ ਤਣਾਓਗ੍ਰਸਤ ਹੋ ਜਾਂਦਾ ਹੈ। ਉਹ ਪ੍ਰਤੱਖ ਰੂਪ ਵਿੱਚ ਭਾਵੇਂ ਪਤਨੀ ਪ੍ਰੀਤੋ ਦਾ ਤਿੱਖਾ ਵਿਰੋਧ ਨਹੀਂ ਕਰਦਾ ਪ੍ਰੰਤੂ ਜਜ਼ਬਾਤੀ ਪੱਧਰ 'ਤੇ ਪਤਨੀ ਨਾਲੋਂ ਇੱਕ ਵਿੱਥ ਬਣਾ ਲੈਂਦਾ ਹੈ। ਪ੍ਰੀਤੋ ਨਾਲ ਗੁਜ਼ਾਰੀ ਬੀਤੀ ਜ਼ਿੰਦਗੀ ਦੀਆਂ ਯਾਦਾਂ ਨੂੰ ਭੁਲਾਉਣ ਲਈ ਉਹ ਸ਼ਰਾਬ ਦਾ ਸਹਾਰਾ ਲੈਂਦਾ ਹੈ। ਦੂਜੇ ਪਾਸੇ ਪਤੀ ਪਿਆਰ ਤੋਂ ਸੱਖਣੀ ਹੋ ਚੁੱਕੀ ਪਾਤਰ ਪ੍ਰੀਤੋ ਇਕੱਲਤਾ, ਉਦਾਸੀ ਅਤੇ ਵੈਰਾਨਗੀ ਵਿੱਚ ਘਿਰ ਜਾਂਦੀ ਹੈ। ਉਹ ਗੁਰਚੇਤਨ ਨਾਲ ਆਪਣੇ ਰਿਸ਼ਤੇ ਵਿੱਚ ਪੈਦਾ ਹੋਈ ਦਰਾਰ ਦਾ ਜ਼ਿੰਮੇਵਾਰ ਖ਼ੁਦ ਨੂੰ

ਠਹਿਰਾਉਂਦੀ ਹੋਈ ਆਪਣੇ ਅਤੀਤ ਵੱਲ ਮੁੜਨਾ ਚਾਹੁੰਦੀ ਹੈ। ਆਪਣੇ ਵਿਆਹ ਦੀ ਪੱਚੀਵੀਂ ਵਰ੍ਹੇਗੰਢ ਮੌਕੇ ਸ਼ੀਸ਼ੇ ਅੱਗੇ ਖੜ੍ਹੀ ਪ੍ਰਿਟੀ ਜਦੋਂ ਬੀਤੇ ਵਰ੍ਹਿਆਂ ਦਾ ਲੇਖਾ ਜੋਖਾ ਕਰਦੀ ਹੈ ਤਾਂ ਉਸਨੂੰ ਆਪਣੀ ਮੌਜੂਦਾ ਪ੍ਰਿਟੀ ਵਾਲੀ ਨੁਹਾਰ ਝੂਠੀ ਜਾਪਦੀ ਹੈ :

> ਪ੍ਰਿਟੀ ਨੇ ਸ਼ੀਸ਼ੇ ਵੱਲੋਂ ਧਿਆਨ ਹਟਾ ਕੇ ਆਪਣੇ ਆਲੇ ਦੁਆਲੇ ਤਕਿਆ। ਉਹਨੂੰ ਸਭ ਕੁਝ ਝੂਠਾ ਜਿਹਾ ਜਾਪਿਆ ਤੇ ਆਪਣਾ ਆਪ ਅੰਦਰੋਂ ਖੋਖਲਾ ਤੇ ਖਾਲੀ ਜਿਹਾ ਹੋ ਗਿਆ ਮਹਿਸੂਸ ਹੋਇਆ। ਨਕਲੀ ਰੰਗਾਂ ਦੇ ਵਿੱਚ ਘਿਰੀ ਬੇਰੰਗ ਜਿਹੀ ਰੂਹ ...ਆਲੇ ਦੁਆਲੇ ਬਨਾਵਟ ਹੀ ਬਨਾਵਟ ਤੇ ਉਹਨੂੰ ਜਾਪਿਆ ਜਿਵੇਂ ਮੀਂਹ ਦੇ ਖਲੋਤੇ ਪਾਣੀਆਂ ਵਾਂਗ ਉਹਦੀ ਜ਼ਿੰਦਗੀ ਵੀ ਮੁਸ਼ਕ ਗਈ ਹੋਵੇ।[15]

ਪਾਤਰ ਪ੍ਰੀਤੋ ਨੂੰ ਜਾਪਦਾ ਹੈ ਜਿਵੇਂ ਅਮਰੀਕਾ ਵਿੱਚ ਆ ਕੇ ਉਸਨੇ ਆਪਣੀ ਆਜ਼ਾਦੀ ਅਤੇ ਪਦਾਰਥਕ ਸੁੱਖ-ਸਹੂਲਤਾਂ ਤਾਂ ਪ੍ਰਾਪਤ ਕਰ ਲਈਆਂ ਹਨ, ਪਰ ਮਾਨਸਿਕ ਸੁੱਖ-ਚੈਨ ਗਵਾ ਲਿਆ ਹੋਵੇ। ਪਤੀ ਪਿਆਰ ਨੂੰ ਪਾਉਣ ਦੀ ਚਾਹਤ ਵਿੱਚ ਤੜਪਦੀ ਪਾਤਰ ਪ੍ਰਿਟੀ ਮੁੜ ਪ੍ਰੀਤੋ ਬਣਨ ਲਈ ਰਾਹ ਤਲਾਸ਼ਦੀ ਹੈ :

> 'ਕਿੰਨਾ ਚੰਗਾ ਹੁੰਦਾ ਅੱਜ ਗੁਰਚੇਤਨ ਇੱਕ ਵਾਰ ...ਸਿਰਫ ਇੱਕ ਵਾਰ ਉਹਨੂੰ ਪੀਤੋ ਕਹਿ ਕੇ ਬੁਲਾ ਲੈਂਦਾ।'[16]

ਨਾਰੀਵਾਦੀ ਦ੍ਰਿਸ਼ਟੀ ਤੋਂ ਦੇਖੀਏ ਤਾਂ ਪਾਤਰ ਪ੍ਰੀਤੋ ਦਾ ਦੁੱਖ ਉਸਦੀ ਪੈਤਰਿਕ ਮਾਨਸਿਕਤਾ ਦੀ ਉਪਜ ਹੈ। ਪਾਤਰ ਪ੍ਰੀਤੋ ਭਾਵੇਂ ਪ੍ਰਿਟੀ ਵਾਲੀ ਜ਼ਿੰਦਗੀ ਜਿਊਣ ਦੀ ਤਮੰਨਾ ਰੱਖਦੀ ਹੈ ਪਰ ਆਪਣੀਆਂ ਵਿਅਕਤੀਗਤ ਖ਼ੁਸ਼ੀਆਂ ਲਈ ਪਤੀ ਨੂੰ ਗਵਾਉਣਾ ਵੀ ਉਸ ਅੰਦਰ ਬੈਠੀ ਪੂਰਬੀ ਪੰਜਾਬੀ ਔਰਤ ਨੂੰ ਮਨਜ਼ੂਰ ਨਹੀਂ। ਪ੍ਰੰਪਰਕ ਭਾਰਤੀ ਆਦਰਸ਼ ਪਤਨੀ ਲਈ ਆਪਣੇ ਵਿਆਹੁਤਾ ਰਿਸ਼ਤੇ ਨੂੰ ਬਚਾਈ ਰੱਖਣਾ ਉਸਦੀ ਅਸਤਿਤਵੀ ਲੋੜ ਹੈ। ਪ੍ਰੀਤੋ ਦਾ ਪਿੱਤਰਕੀ ਪ੍ਰਬੰਧ ਨਾਲ ਦਸਤਪੰਜਾ ਲੈਣਾ ਕੋਈ ਸੌਖਾ ਕੰਮ ਨਹੀਂ ਆਖਿਰ ਉਸਦੀ ਪਤੀ ਨਾਲ ਭਾਵੁਕ ਸਾਂਝ ਉਸਦੀ ਵਿਅਕਤੀਗਤ ਆਜ਼ਾਦੀ ਮਾਣਨ ਵਾਲੀ ਨਿੱਜੀ ਚਾਹਤ ਤੇ ਭਾਰੂ ਹੋ ਜਾਂਦੀ ਹੈ ਤੇ ਉਹ ਪ੍ਰੀਟੀ ਤੋਂ ਪ੍ਰੀਤੋ ਬਣਨਾ ਸੋਚਦੀ ਹੈ।

ਰਾਣੀ ਨਗਿੰਦਰ ਦੀ ਕਹਾਣੀ 'ਭੈਣਾਂ' ਨਵ-ਪੂੰਜੀਵਾਦੀ ਦੌਰ ਵਿੱਚ ਖ਼ਪਤ ਸਭਿਆਚਾਰ ਅਤੇ ਵਿਅਕਤੀਵਾਦੀ ਰੁਚੀਆਂ ਦੇ ਫਲਸਰੂਪ ਦੰਪਤੀ ਸੰਬੰਧਾਂ ਵਿੱਚ ਪੈਦਾ ਹੋ ਰਹੇ ਤਣਾਉ ਅਤੇ ਟਕਰਾਓ ਨੂੰ ਰੂਪਮਾਨ ਕਰਦੀ ਹੈ। ਕਹਾਣੀ ਤਿੰਨ ਸਕੀਆਂ ਭੈਣਾਂ ਵੱਡੀ, ਗਭਲੀ ਅਤੇ ਛੋਟੀ ਦੇ ਦੰਪਤੀ ਜੀਵਨ ਦੁਆਲੇ ਘੁੰਮਦੀ ਹੈ ਜਿਹੜੀਆਂ ਆਪਣੇ ਵਿਆਹੁਤਾ ਜੀਵਨ ਤੋਂ ਨਿਰਾਸ਼ ਹੋ ਕੇ ਇਕੱਲਤਾ, ਉਦਾਸੀ ਅਤੇ ਬੇਗਾਨਗੀ ਦਾ

ਸੰਤਾਪ ਹੰਢਾ ਰਹੀਆਂ ਹਨ। ਕਹਾਣੀਕਾਰ ਨੇ ਤਿੰਨਾਂ ਪਾਤਰਾਂ ਰਾਹੀਂ ਔਰਤ ਦੇ ਵੱਖ-ਵੱਖ ਰੂਪਾਂ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਭ ਤੋਂ ਵੱਡੀ ਭੈਣ ਇਕ ਬਿਜ਼ਨੈਸਮੈਨ ਦੀ ਪਤਨੀ ਹੈ ਅਤੇ ਅਮਰੀਕਾ ਦੇ ਸ਼ਹਿਰ ਨਿਊਯਾਰਕ ਦੀ ਵਸਨੀਕ ਹੈ। ਅਮਰੀਕਾ ਵਿੱਚ ਰਹਿੰਦਿਆਂ ਅਮੀਰ ਪਤੀ ਦੇ ਘਰ ਉਸਨੂੰ ਸਭ ਪਦਾਰਥ ਸੁੱਖ-ਸਹੂਲਤਾਂ ਤਾਂ ਮਿਲਦੀਆਂ ਹਨ ਪਰ ਪਤੀ ਦਾ ਪਿਆਰ ਨਹੀਂ। ਬਿਜ਼ਨੈਸਮੈਨ ਪਤੀ ਦੇ ਘਰ ਦੀ ਅਮੀਰੀ ਅਤੇ ਪਤੀ ਦੀ ਸਾਮੰਤੀ ਮਾਨਸਿਕਤਾ ਕਾਰਨ ਉਸਦਾ ਵਜੂਦ ਘਰ ਵਿਚਲੀਆਂ ਦੂਜੀਆਂ ਸਜਾਵਟੀ ਵਸਤੂਆਂ ਤੱਕ ਘਟ ਕੇ ਰਹਿ ਜਾਂਦਾ ਹੈ। ਵਰ੍ਹਿਆਂ ਤੋਂ ਪਤੀ ਨਾਲੋਂ ਮਾਨਸਿਕ ਵਿੱਥ 'ਤੇ ਵਿਚਰ ਰਹੀ ਪਾਤਰ ਵੱਡੀ ਭੈਣ ਲਈ ਪਤੀ ਦੀ ਹੋਂਦ ਦੇ ਅਰਥ ਹੀ ਖ਼ਤਮ ਹੋ ਜਾਂਦੇ ਹਨ। ਪਤੀ ਦੀਆਂ ਵਧੀਕੀਆਂ ਨੂੰ ਝੱਲਦੀ ਆਈ ਉਹ ਇੰਨੀ ਕਠੋਰ ਹੋ ਜਾਂਦੀ ਹੈ ਕਿ ਪਤੀ ਦੀ ਮੌਤ ਉੱਤੇ ਜਿੱਥੇ ਉਸਦੀਆਂ ਦੋਵੇਂ ਭੈਣਾਂ ਉਸਦੇ ਦੁੱਖ ਵਿੱਚ ਸ਼ਾਮਿਲ ਹੋ ਕੇ ਵਿਰਲਾਪ ਕਰਦੀਆਂ ਹਨ, ਉੱਥੇ ਉਸ ਦੀਆਂ ਅੱਖਾਂ ਵਿੱਚੋਂ ਇੱਕ ਹੰਝੂ ਤੱਕ ਨਹੀਂ ਡਿੱਗਦਾ। ਕਹਾਣੀ ਵਿਚਲੀਆਂ ਹੇਠਲੀਆਂ ਸਤਰਾਂ ਜਿੱਥੇ ਉਸਦੇ ਆਪਣੇ ਪਤੀ ਨਾਲ ਸੰਬੰਧਾਂ ਦੀ ਅਸਲੀਅਤ ਨੂੰ ਬਿਆਨ ਕਰਦੀਆਂ ਹਨ, ਉੱਥੇ ਪਿੱਤਰਕੀ ਵਿਆਹ ਸੰਸਥਾ ਹੱਥੋਂ ਸ਼ੋਸ਼ਿਤ ਹੋਈ ਔਰਤ ਦੀ ਤ੍ਰਾਸਦੀ ਨੂੰ ਵੀ ਰੂਪਮਾਨ ਕਰਦੀਆਂ ਹਨ :

> ...ਅੱਜ ਸ਼ੋਕ ਸਭਾ ਵਿੱਚ ਬੈਠਿਆਂ ਉਸ ਨੂੰ ਇਕ ਵੀ ਐਸਾ ਪ੍ਰਣਯ-ਪ੍ਰਸੰਗ ਯਾਦ ਨਾ ਆਇਆ ਜਿਸ ਦੇ ਆਧਾਰ ਤੇ ਉਹ ਰੋਂਦੀ, ਬਿਲਖਦੀ। ...ਤਮਾਮ ਉਮਰ ਉਹ ਇੰਨਾ ਰੋਈ ਸੀ ਕਿ ਅੱਜ ਉਸ ਦੀਆਂ ਅੱਖਾਂ 'ਚ ਇਕ ਵੀ ਅਥਰੂ ਨਹੀਂ ਸੀ ਬਚਿਆ। ਦਿਖਾਵੇ ਭਰ ਲਈ ਵੀ ਨਹੀਂ। ...ਸਮਝੌਤੇ ਕਬੂਲੇ ਸਨ। ...ਠੇਕਰਾਂ ਦੀ ਜੂਨ ਭੁਗਤੀ ਸੀ।[17]

ਇੱਥੇ ਪਤਨੀ ਰੂਪ ਵਿੱਚ ਵੱਡੀ ਭੈਣ ਦਾ ਜੋ ਬਿੰਬ ਉੱਭਰ ਰਿਹਾ ਹੈ ਉਹ ਪਰੰਪਰਾਪਾਲਕ ਸਮਝੌਤਾਵਾਦੀ, ਕਮਜ਼ੋਰ, ਦੱਬੂ ਅਤੇ ਸਹਿੰਦੜ ਭਾਰਤੀ ਨਾਰੀ ਦਾ ਹੈ। ਨਾਰੀਵਾਦੀ ਦ੍ਰਿਸ਼ਟੀ ਤੋਂ ਵੱਡੀ ਭੈਣ ਦਾ ਜ਼ਿੰਦਗੀ ਪ੍ਰਤੀ ਰਵੱਈਆ ਕਈ ਪ੍ਰਸ਼ਨ ਖੜ੍ਹੇ ਕਰਦਾ ਹੈ ਕਿ ਆਖਰ ਅਤਿ ਵਿਕਸਤ ਦੇਸ਼ ਵਿੱਚ ਪਹੁੰਚ ਕੇ ਵੀ ਭਾਰਤੀ ਪੰਜਾਬੀ ਔਰਤ ਆਪਣੇ ਹੱਕਾਂ ਲਈ ਕਿਉਂ ਨਹੀਂ ਲੜਦੀ? ਜਦੋਂ ਕਿ ਪੱਛਮੀ ਮੁਲਕ ਵਿੱਚ ਔਰਤ-ਮਰਦ ਸੰਬੰਧ ਬਰਾਬਰ ਧਰਾਤਲ ਤੇ ਬਣਦੇ, ਵਿਗਸਦੇ ਅਤੇ ਪ੍ਰਵਾਨ ਚੜਦੇ ਹਨ। ਉਹ ਕਿਉਂ ਆਪਣੇ ਪਤੀ ਦੀਆਂ ਵਧੀਕੀਆਂ ਨੂੰ ਜਰਦੀ ਮਾਨਸਿਕ ਅਤੇ ਸਰੀਰਕ ਤੌਰ ਤੇ ਤੜਪਦੀ ਅਤੇ ਪੀੜਤ ਹੁੰਦੀ ਰਹਿੰਦੀ ਹੈ? ਜਦੋਂਕਿ ਪੱਛਮ ਵਿੱਚ ਔਰਤ ਆਪਣੀ ਜ਼ਿੰਦਗੀ ਦੇ ਫੈਸਲੇ ਕਰਨ ਲਈ ਆਜ਼ਾਦ ਹੈ। ਕਹਾਣੀ ਵਿੱਚ ਇਨ੍ਹਾਂ ਸਵਾਲਾਂ ਦਾ ਉੱਤਰ ਵੀ ਵੱਡੀ ਭੈਣ ਦੀ ਸੋਚ ਦੁਆਰਾ ਹੀ ਸਪੱਸ਼ਟ ਹੋ ਜਾਂਦਾ ਹੈ ਜਦੋਂ ਉਹ ਆਖਦੀ ਹੈ:

...ਇਨ੍ਹਾਂ ਦੋਨਾਂ ਬੱਚੀਆਂ ਦੀ ਖਾਤਰ ਉਹ ਪਤੀ ਨਾਲ ਪਰਦੇਸ ਆਈ। ਉਸ ਸੋਚਿਆ- ਹਰ ਉਮਰ, ਹਰ ਜਗ੍ਹਾ ਦੇ ਆਪਣੇ ਪ੍ਰਲੋਭਨ ਹੁੰਦੇ ਨੇ। ਹਰ ਮੌਸਮ ਦੇ ਆਪਣੇ ਰੰਗ ਹੁੰਦੇ ਨੇ। ਸ਼ਾਇਦ ਜੀਵਨ ਦਾ ਢਰਾ ਬਦਲੇ। ਪਰ ਉਸਨੇ ਨਾ ਬਦਲਣਾ ਸੀ ਤੇ ਨਾ ਬਦਲਿਆ ਤੇ ਪਰਦੇਸ ਆ ਕੇ ਪਤੀ ਪਰਿਵਾਰ ਤੋਂ ਹੋਰ ਪਰ੍ਹੇ ਹੋ ਗਿਆ...ਤੇ ਉਹ ਪਰਿਵਾਰ ਦੀਆਂ ਜਿੰਮੇਵਾਰੀਆਂ ਚੁੱਕਦੇ ਹੋਏ ਵੀ ਦੁਨੀਆ ਤੋਂ ਦੂਰ ਹੀ ਰਹੀ। ਹਰ ਮੁਸੀਬਤ ’ਚ ਨਿਤਾਂਤ ਇਕੱਲੀ ਅਚੱਲ ਅਡਿੱਗ।[18]

ਕਹਾਣੀਕਾਰ ਪਤਨੀ ਰੂਪ ਵਿੱਚ ਭਾਰਤੀ ਨਾਰੀ ਲਈ ਨਿਰਧਾਰਿਤ ਪਿੱਤਰੀ ਸਮਾਜਿਕ ਬਣਤਰ ਦੀਆਂ ਉਹਨਾਂ ਜ਼ੰਜ਼ੀਰਾਂ ਨੂੰ ਦ੍ਰਿਸ਼ਟੀਗੋਚਰ ਕਰ ਰਹੀ ਹੈ ਜਿਨ੍ਹਾਂ ਨੂੰ ਤੋੜ ਕੇ ਪਾਰ ਜਾਣਾ ਪਤਨੀ ਦੀ ਜ਼ਿੰਦਗੀ ਲਈ ਵੱਡਾ ਸੰਕਟ ਬਣ ਸਕਦਾ ਹੈ। ਇਹ ਕੜੀਆਂ ਹਨ- ਬੱਚੇ ਅਤੇ ਘਰ, ਪਰਿਵਾਰ, ਜਿਨ੍ਹਾਂ ਨਾਲ ਉਹ ਆਪਣੀ ਹੋਂਦ-ਹਸਤੀ ਅਤੇ ਪਛਾਣ ਦੇ ਅਰਥ ਜੋੜਦੀ ਹੋਈ ਸਾਰੀ ਉਮਰ ਗੁਜ਼ਾਰ ਦਿੰਦੀ ਹੈ। ਪਤੀ ਦੇ ਅਮਾਨਵੀ ਵਤੀਰੇ ਦੇ ਵਿਰੋਧ ਵਜੋਂ ਘਰ, ਪਰਿਵਾਰ ਦੇ ਟੁੱਟਣ ਦਾ ਡਰ ਹੀ ਪਤਨੀ ਨੂੰ ਸਭ ਕੁਝ ਸਹਿਣ ਲਈ ਮਜ਼ਬੂਰ ਕਰ ਦਿੰਦਾ ਹੈ ਜਿਸ ਕਰਕੇ ਉਹ ਆਪਣੇ ਸਾਰੇ ਦਰਦ, ਸੰਤਾਪ ਤੇ ਸਾਰੀ ਵੇਦਨਾ ਨੂੰ ਆਪਣੀ ਖ਼ਾਮੋਸ਼ੀ ਵਿੱਚ ਸਮੇਟ ਲੈਂਦੀ ਹੈ। ਕਹਾਣੀ ਵਿੱਚ ਵੱਡੀ ਭੈਣ ਦੀ ਤਰ੍ਹਾਂ ਦੂਸਰੀ 'ਗਭਲੀ' ਭੈਣ ਵੀ ਪਤੀ ਸੱਤਾ ਕਾਰਨ ਦੁਖਾਂਤ ਭੋਗਦੀ ਹੈ। ਉਸਦਾ ਪਤੀ ਸੀ.ਬੀ.ਆਈ. ਵਿਭਾਗ ਵਿੱਚ ਉੱਚ ਅਧਿਕਾਰੀ ਹੈ। ਉਹ ਆਪਣੀ ਪਤਨੀ ਨੂੰ ਹਰ ਪ੍ਰਕਾਰ ਦੀਆਂ ਪਦਾਰਥਕ ਸੁੱਖ-ਸਹੂਲਤਾਂ ਤਾਂ ਜਟਾਉਂਦਾ ਹੈ ਪਰੰਤੂ ਉਸ ਕੋਲ ਆਪਣੀ ਬਿਮਾਰ ਪਤਨੀ ਦਾ ਸਹਾਰਾ ਬਣਨ ਲਈ ਕੋਈ ਸਮਾਂ ਨਹੀਂ। ਨਵ-ਪੂੰਜੀਵਾਦੀ ਦੌਰ ਵਿੱਚ ਵੱਧ ਤੋਂ ਵੱਧ ਪੈਸਾ ਇਕੱਠਾ ਕਰਨ ਦੀ ਹੋੜ ਵਿੱਚ ਪਤੀ ਲਈ ਪਤਨੀ ਦੇ ਜਜ਼ਬਾਤ ਦੁਜੈਲੇ ਹਨ। ਸਥਿਤੀ ਦੀ ਵਿੰਡਬਨਾ ਇਹ ਹੈ ਕਿ ਪਤਨੀ ਪਤੀ ਪਾਸੋਂ ਪਦਾਰਥਾਂ ਦੀ ਪ੍ਰਾਪਤੀ ਦੀ ਬਜਾਇ ਸਰੀਰਕ ਅਤੇ ਮਾਨਸਿਕ ਸੁੱਖ ਦੀ ਚਾਹਤ ਰੱਖਦੀ ਹੈ। ਪਤੀ ਦੀ ਬੇਰੁਖ਼ੀ ਕਾਰਨ ਉਪਜੀ ਅਸੰਤੁਸ਼ਟਤਾ ਅਤੇ ਖਾਲੀਪਣ ਨੂੰ ਭਰਨ ਲਈ ਉਹ ਨਸ਼ਿਆਂ ਦਾ ਸਹਾਰਾ ਲੈਂਦੀ ਹੈ :

“ਹੁਣ ਮੈਂ ਇਕੱਲੀ ਨਹੀਂ। ਬਿਲਕੁਲ ਵੀ ਇਕੱਲੀ ਨਹੀਂ। ...ਹੁਣ ਮੇਰਾ ਜੀਵਨ ਬਦਲ ਗਿਆ ਏ। ਕੋਈ ਮੇਰੀ ਜਰੂਰਤ ਬਣ ਗਿਆ ਏ। ਹੁਣ ਇਸ ਸ਼ੈਅ ਨੂੰ ਛੱਡ ਕੇ ਜੀਵਨ ਬਿਤਾਉਣਾ ਮੇਰੇ ਵੱਸ 'ਚ ਨਹੀਂ ਰਿਹਾ।”[19]

ਪਾਤਰ ‘ਗਭਲੀ’ ਭੈਣ ਵੀ ਇਕ ਕਮਜ਼ੋਰ ਅਤੇ ਲਾਚਾਰ ਔਰਤ ਵਜੋਂ ਸਾਹਮਣੇ ਆਉਂਦੀ ਹੈ। ਉਹ ਆਪਣੀਆਂ ਖ਼ੁਸ਼ੀਆਂ ਮਰਦ ਪਤੀ ਨਾਲ ਜੋੜ ਕੇ ਦੇਖਣ ਦੀ ਪਿੱਤਰਕੀ ਸੋਚ ਕਾਰਨ ਦੁਖਾਂਤ ਦੀ

ਭਾਗੀਦਾਰੀ ਬਣਦੀ ਹੈ। ਉਪਭਾਵੁਕਤਾ ਕਾਰਨ ਉਹ ਸਵੈ-ਤਰਸ ਦੀ ਸ਼ਿਕਾਰ ਹੋ ਕੇ ਮਾਨਸਿਕ ਤਣਾਉ ਵਿੱਚ ਘਿਰ ਜਾਂਦੀ ਹੈ।

ਕਹਾਣੀ ਵਿੱਚ ਤਿੰਨ ਭੈਣਾਂ ਵਿੱਚੋਂ ਛੋਟੀ ਭੈਣ ਦਾ ਚਰਿੱਤਰ ਨਾਰੀਵਾਦੀ ਚੇਤਨਾ ਦੀ ਦ੍ਰਿਸ਼ਟੀ ਤੋਂ ਉੱਭਰ ਕੇ ਸਾਹਮਣੇ ਆਉਂਦਾ ਹੈ। ਛੋਟੀ ਭੈਣ ਆਪਣੇ ਪਤੀ ਬਲਦੇਵ ਨਾਲੋਂ ਸੰਬੰਧ ਇਸ ਕਰਕੇ ਤੋੜਦੀ ਹੈ ਕਿਉਂਕਿ ਉਸਦਾ ਪਤੀ ਆਪਣੇ ਸ਼ੱਕੀ ਸੁਭਾਅ ਕਾਰਨ ਆਪਣੇ ਪਤਨੀ 'ਤੇ ਆਚਰਣਹੀਨਤਾ ਦਾ ਦੋਸ਼ ਲਾਉਂਦਾ ਹੈ। ਉਸਨੂੰ ਜਾਪਦਾ ਹੈ ਕਿ ਉਸਦੀ ਪਤਨੀ ਦੇ ਆਪਣੇ ਬਚਪਨ ਦੇ ਦੋਸਤ ਭੀਸ਼ਮ ਨਾਲ ਨਜ਼ਾਇਜ ਸੰਬੰਧ ਹਨ। ਪਤੀ ਦੁਆਰਾ ਲਗਾਇਆ ਇਲਜ਼ਾਮ ਪਤਨੀ ਨੂੰ ਮਾਨਸਿਕ ਰੂਪ ਵਿੱਚ ਝੰਜੋੜ ਦਿੰਦਾ ਹੈ। ਉਹ ਇਸ ਗੱਲ ਤੋਂ ਬੇਹੱਦ ਦੁਖੀ ਹੁੰਦੀ ਹੈ ਕਿ ਜਿਸ ਮਰਦ ਨਾਲ ਵਿਆਹ ਕਰਵਾ ਕੇ ਉਹ ਉਸਦੀ ਪ੍ਰੇਮਿਕਾ ਤੋਂ ਪਤਨੀ ਬਣੀ ਅੱਜ ਉਹੀ ਮਰਦ ਚਰਿੱਤਰ ਪੱਖ ਤੋਂ ਘਟਾਉਂਦਾ ਹੋਇਆ ਉਸਦੇ ਸਵੈਮਾਣ ਨੂੰ ਕੁਚਲ ਰਿਹਾ ਸੀ। ਆਪਣੇ ਆਤਮ ਸਨਮਾਨ ਦੀ ਰੱਖਿਆ ਲਈ ਉਹ ਆਪਣੇ ਪਤੀ ਦੇ ਇਸ ਅਮਾਨਵੀ ਵਤੀਰੇ ਦਾ ਡੱਟ ਕੇ ਵਿਰੋਧ ਕਰਦੀ ਹੈ:

> "...ਤੂੰ ਸਮਝਦੈ ਔਰਤ ਦਾ ਜਿਸਮ ਹੀ ਸਭ ਕੁਝ ਏ। ਉਸ ਤੋਂ ਅਲੱਗ ਜੋ ਨਾਰੀ ਦਾ ਨਾਰੀਤਵ ਹੈ, ਉਸ ਨਾਲ ਤੇਰੀ ਪਹਿਚਾਣ ਹੀ ਨਹੀਂ ਹੋਈ।"
>
> ...ਤੇ ਫਿਰ ਨਾਗਣ ਵਾਂਗ ਫੁੰਕਾਰਦੀ ਉਹ ਘਰ ਤੋਂ ਬਾਹਰ ਹੋ ਗਈ ਸੀ।[20]

ਦਰਅਸਲ ਛੋਟੀ ਭੈਣ ਇਕ ਮਜ਼ਬੂਤ, ਦਲੇਰ, ਆਪਣੀ ਹੋਂਦ ਅਤੇ ਅਸਤਿਤਵ ਪ੍ਰਤੀ ਚੇਤੰਨ ਨਾਰੀ ਹੈ। ਉਹ ਆਪਣੀਆਂ ਦੂਜੀਆਂ ਦੋਵਾਂ ਭੈਣਾਂ ਵਾਂਗ ਨਾ ਤਾਂ ਆਪਣੇ ਪਤੀ ਤੋਂ ਇੱਜ਼ਤ ਅਤੇ ਪਿਆਰ ਦੀ ਭੀਖ ਮੰਗਦੀ ਹੈ ਅਤੇ ਨਾ ਹੀ ਆਪਣੀ ਦੁਖਾਂਤਕ ਸਥਿਤੀ ਨੂੰ ਵਕਤੀ ਤੌਰ ਤੇ ਭੁਲਾਉਣ ਲਈ ਨਸ਼ਿਆਂ ਦਾ ਆਸਰਾ ਲੈਂਦੀ ਹੈ ਬਲਕਿ ਆਪਣੇ ਪ੍ਰਮਾਣਿਕ ਨਾਰੀਤਵ ਨੂੰ ਪਛਾਣਦੀ ਹੋਈ ਭਾਰਤੀ ਪਤਨੀ ਦੇ ਕਮਜ਼ੋਰ ਅਤੇ ਪਰ-ਨਿਰਭਰਤਾ ਵਾਲੇ ਪੂਰਵ ਪ੍ਰਚਲਿਤ ਬਿੰਬ ਨੂੰ ਤੋੜਦੀ ਹੋਈ ਆਤਮ-ਨਿਰਭਰਤਾ ਵਾਲਾ ਜੀਵਨ ਜਿਊਣ ਲਈ ਪਤੀ ਦਾ ਘਰ ਛੱਡ ਕੇ ਚਲੀ ਜਾਂਦੀ ਹੈ।

ਵਿਸ਼ਵੀਕਰਨ ਦੁਆਰਾ ਪੈਦਾ ਹੋਏ ਉਦਾਰੀਕਰਨ ਦੇ ਸੰਕਲਪਾਂ ਨੇ ਮਨੁੱਖ ਦੀਆਂ ਸਮਾਜਿਕ, ਸਾਂਸਕ੍ਰਿਤਕ, ਰਾਜਨੀਤਿਕ ਅਤੇ ਮਾਨਵੀ ਸੰਬੰਧਾਂ ਦੀਆਂ ਸਮੁੱਚੀਆਂ ਪ੍ਰਣਾਲੀਆਂ ਨੂੰ ਪ੍ਰਭਾਵਿਤ ਕੀਤਾ ਹੈ। ਉਦਾਰੀਕਰਨ ਦੀਆਂ ਨੀਤੀਆਂ ਨੇ ਵਿਆਹ ਦੇ ਸਥਾਈ (Permanent) ਹੋਣ ਦੀ ਮਿੱਥ ਨੂੰ ਤੋੜ ਦਿੱਤਾ ਜਿਸ ਕਾਰਨ ਅਜੋਕੇ ਸਮੇਂ ਵਿੱਚ ਲੈਂਗਿਕ ਉਦਾਰਤਾ ਵੱਧ ਰਹੀ ਹੈ। ਵਿਆਹ ਤੋਂ ਬਿਨਾਂ ਹੀ ਜੋੜੇ ਰੂਪ ਵਿੱਚ ਔਰਤ-ਮਰਦ ਦਾ ਇਕੱਠੇ ਰਹਿਣਾ (Open Marriage) ਅਤੇ ਬਿਨਾਂ ਵਿਆਹ ਦੇ ਸੰਬੰਧ (Live in Relationship) ਆਦਿ ਰੁਝਾਨਾਂ ਦਾ ਪੈਦਾ ਹੋਣਾ ਮਨੁੱਖ ਦੀ ਉਦਾਰ ਮਾਨਸਿਕਤਾ ਨੂੰ ਹੀ ਪ੍ਰਗਟਾਉਂਦੇ ਹਨ। ਵਿਆਹ ਬੰਧਨ ਜੋ

ਔਰਤ ਤੇ ਮਰਦ ਨੂੰ ਹਰ ਹੀਲੇ ਇੱਕਠੇ ਰਹਿਣ ਲਈ ਪਾਬੰਦ ਕਰਦਾ ਸੀ ਅਜੋਕੀ ਨੌਜਵਾਨ ਪੀੜ੍ਹੀ ਇਸ ਬੰਧਨ ਦੀ ਕੈਦ ਤੋਂ ਮੁਕਤ ਹੋਣ ਦਾ ਯਤਨ ਕਰ ਰਹੀ ਹੈ ਅਤੇ ਖੁੱਲ੍ਹੇ ਵਿਆਹ ਜਾਂ Live-in-Relationship ਨੂੰ ਪ੍ਰਾਥਮਿਕਤਾ ਦੇ ਰਹੀ ਹੈ। ਇਸ ਸੰਬੰਧ ਵਿੱਚ ਪਰੰਪਰਕ ਵਿਆਹ ਸੰਬੰਧਾਂ ਵਿਚਲਾ ਆਪਸੀ ਦਬਾਅ ਅਤੇ ਹੱਕ ਨਹੀਂ ਹੁੰਦਾ ਜਿਸ ਕਾਰਨ ਸਾਥੀ ਆਪਸ ਵਿੱਚ ਵਧੇਰੇ ਸੁਖਦ ਅਨੁਭਵ ਮਹਿਸੂਸ ਕਰਦੇ ਹਨ। ਉਹਨਾਂ ਵਿਚਲੀ ਆਪਸੀ ਭਰੋਸੇਯੋਗਤਾ ਵਧੇਰੇ ਹੁੰਦੀ ਹੈ। ਇਹਨਾਂ ਸੰਬੰਧਾਂ ਦੀ ਇਕ ਵਿਸ਼ੇਸ਼ ਖਾਸੀਅਤ ਇਹ ਹੁੰਦੀ ਹੈ ਕਿ ਇਹਨਾਂ ਨੂੰ ਬਿਨਾਂ ਕਿਸੇ ਦਬਾਅ ਜਾਂ ਸੰਕੋਚ ਦੇ ਖ਼ਤਮ ਕੀਤਾ ਜਾ ਸਕਦਾ ਹੈ। ਭਾਰਤ ਵਰਗੇ ਪਰੰਪਰਕ ਸੋਚ ਅਤੇ ਰੂੜ੍ਹੀਵਾਦੀ ਕਦਰਾਂ-ਕੀਮਤਾਂ ਤੇ ਸੰਸਕਾਰਾਂ ਦੇ ਧਾਰਨੀ ਦੇਸ਼ ਵਿੱਚ ਇਹਨਾਂ ਸੰਬੰਧਾਂ ਨੂੰ ਸੰਕੀਰਣ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਣ ਕਰਕੇ ਸਮਾਜਿਕ ਪ੍ਰਵਾਨਗੀ ਇਹਨਾਂ ਸੰਬੰਧਾਂ ਦੀ ਸਭ ਤੋਂ ਵੱਡੀ ਸਮੱਸਿਆ ਬਣੀ ਹੋਈ ਹੈ।

ਰਾਣੀ ਨਗਿੰਦਰ ਨੇ ਆਪਣੀ ਕਹਾਣੀ 'ਰਤਿ ਕੰਤ' ਵਿੱਚ ਇਸੇ ਵਿਸ਼ੇ ਨੂੰ ਪੇਸ਼ ਕੀਤਾ ਹੈ ਜਿਸ ਰਾਹੀਂ ਉਹ ਅਜਿਹੇ ਰਿਸ਼ਤੇ ਪ੍ਰਤੀ ਔਰਤ-ਮਰਦ ਦੇ ਦੋ ਵੱਖਰੇ ਦ੍ਰਿਸ਼ਟੀਕੋਣਾਂ ਨੂੰ ਰੂਪਮਾਨ ਕਰਦੀ ਹੈ। ਕਹਾਣੀ ਦੀ ਮੁੱਖ ਪਾਤਰ ਰਤਿ ਅਤੇ ਸੁਖਦੇਵ ਇੱਕ ਦੂਜੇ ਨੂੰ ਪਿਆਰ ਕਰਦੇ ਹਨ। ਰਤਿ ਚਾਹੁੰਦੀ ਹੈ ਕਿ ਸੁਖਦੇਵ ਉਸ ਨਾਲ ਵਿਆਹ ਕਰਵਾ ਲਵੇ ਤਾਂ ਜੋ ਉਹਨਾਂ ਦੇ ਰਿਸ਼ਤੇ ਨੂੰ ਸਮਾਜ-ਸਭਿਆਚਾਰਕ ਪ੍ਰਵਾਨਗੀ ਪ੍ਰਾਪਤ ਹੋ ਸਕੇ। ਦੂਜੇ ਪਾਸੇ ਪਾਤਰ ਸੁਖਦੇਵ ਦਾ ਵਿਆਹ ਸੰਸਥਾ ਅਤੇ ਜ਼ਿੰਦਗੀ ਪ੍ਰਤੀ ਨਜ਼ਰੀਆਂ ਅਤੇ ਸੋਚ ਰਤਿ ਦੀ ਸੋਚ ਤੇ ਸਮਝ ਤੋਂ ਬਿਲਕੁਲ ਉਲਟ ਹੈ। ਪਾਤਰ ਸੁਖਦੇਵ ਲਈ ਪਰੰਪਰਕ ਵਿਆਹ ਪ੍ਰਬੰਧ ਇਕ ਅਜਿਹਾ ਪ੍ਰਪੰਚ ਹੈ ਜਿਸ ਵਿੱਚ ਪਤੀ-ਪਤਨੀ ਸੰਬੰਧ ਮਾਲਕ ਗ਼ੁਲਾਮ ਦੇ ਰੂਪ ਵਿੱਚ ਵੱਟ ਜਾਂਦੇ ਹਨ। ਉਹ ਪਾਤਰ ਰਤਿ ਸਾਹਮਣੇ ਬਿਨਾਂ ਵਿਆਹ ਕਰਵਾਏ, ਬੱਚੇ ਗੋਦ ਲੈ ਕੇ ਅਤੇ ਜ਼ਿੰਦਗੀ ਭਰ ਦੋਸਤ ਬਣ ਕੇ ਇੱਕਠੇ ਰਹਿਣ ਦਾ ਵਿਕਲਪ ਰੱਖਦਾ ਹੈ ਲੇਕਿਨ ਪਿੱਤਰੀ ਸੋਚ ਦੀ ਸ਼ਿਕਾਰ ਰਤਿ ਸੁਖਦੇਵ ਦੀ ਦਲੀਲ ਨੂੰ ਖਾਰਜ ਕਰ ਦਿੰਦੀ ਹੈ। ਵਿਆਹ ਦੇ ਮਸਲੇ ਨੂੰ ਲੈ ਕੇ ਦੋਵੇਂ ਪਾਤਰ ਵਿਚਾਰਕ ਪੱਖ ਤੋਂ ਦੋ ਵਿਰੋਧੀ ਜੁੱਟਾਂ ਵਿੱਚ ਵੰਡੇ ਨਜ਼ਰ ਆਉਂਦੇ ਹਨ:

> "ਰਖੇਲ ਨਹੀਂ, ਦੋਸਤ ਬਣ ਕੇ ਰਹਾਂਗੇ। We will live together like friends. ਮੈਂ ਤੂੰ ਦੋਸਤ ਹਾਂ। ਇਕ ਦਾਇਰੇ 'ਚ ਮਿਲਦੇ ਹਾਂ। ਇੰਝ ਹੀ ਮਿਲਦੇ-ਮਿਲਾਂਦੇ, ਘੁੰਮਦੇ-ਘੁੰਮਾਦੇ ਜ਼ਿੰਦਗੀ ਬਿਤਾ ਦਿਆਂਗੇ।"
>
> "ਤੇ ਪਤੀ-ਪਤਨੀ ਬਣ ਕੇ ਰਹਿਣ 'ਚ ਕੀ ਇਤਰਾਜ਼ ਏ।"
>
> "ਨਹੀਂ ਰਤਿ! ਸ਼ਾਦੀ ਤੇਰੇ ਲਈ ਇੱਕ ਅੰਤਿਮ ਸੱਚ ਏ। ਮੈਂ ਤਾਂ ਹੈਰਾਨ ਹਾਂ ਤੇਰੇ ਵਰਗੀ ਇੰਟਲੈਕਚੁਅਲ ਕੁੜੀ ਅਤੇ ਇੰਝ ਚਾਰਦੀਵਾਰੀ 'ਚ ਆਪਣੇ ਆਪ ਨੂੰ ਕੈਦ ਕਰਨਾ ਚਾਹਵੇ।"

"...ਸੁਖਦੇਵ! ਤੂੰ ਜੋ ਜੀਅ 'ਚ ਆਵੇ ਕਰ। ਮੈਂ ਇਕ ਔਰਤ ਹਾਂ। ਸ਼ਾਦੀ ਕਰਕੇ ਘਰ ਵਸਾਉਣਾ ਚਾਹੁੰਦੀ ਹਾਂ। ਬੱਚੇ ਪੈਦਾ ਕਰਨਾ ਚਾਹੁੰਦੀ ਹਾਂ। ਇਕ ਆਮ ਔਰਤ ਦੀ ਤਰ੍ਹਾਂ।"[21]

ਉਪਰੋਕਤ ਵਾਰਤਾਲਾਪ ਨੂੰ ਨਾਰੀਵਾਦੀ ਨਜ਼ਰੀਏ ਤੋਂ ਦੇਖੀਏ ਤਾਂ ਕਹਾਣੀਕਾਰ ਅੰਦਰਲੀ ਸਵੈ-ਵਿਰੋਧਤਾ ਵੀ ਉੱਭਰ ਕੇ ਸਾਹਮਣੇ ਆ ਰਹੀ ਹੈ। ਔਰਤ ਦੁਆਰਾ ਸ਼ਬਦ 'ਰਖੇਲ' ਦੀ ਵਰਤੋਂ ਕਹਾਣੀਕਾਰ ਦੇ ਨਾਲ-ਨਾਲ ਔਰਤ ਦੀ ਪਿੱਤਰਸੱਤਾ ਦੁਆਰਾ ਸਿਰਜਤ ਮਾਨਸਿਕਤਾ ਅਤੇ ਪਿੱਤਰੀ ਸੋਚ ਨੂੰ ਦਰਸਾਉਂਦਾ ਹੈ। ਪਿੱਤਰਸੱਤਾਤਮਕ ਸਮਾਜ ਵਿਚਲੀ ਭਾਸ਼ਾ ਦਾ ਰੂਪ ਪਿੱਤਰੀ ਹੋਣ ਕਾਰਨ ਨਾਰੀ ਲੇਖਿਕਾ ਸਵੈ-ਵਿਰੋਧੀ ਭਾਸ਼ਾ ਦਾ ਪ੍ਰਯੋਗ ਕਰਦੀ ਹੋਈ ਅਚੇਤ ਹੀ ਪਿੱਤਰਸੱਤਾ ਦੇ ਹੱਕ ਵਿੱਚ ਹੀ ਭੁਗਤ ਰਹੀ ਹੈ। ਆਸਟਰੇਲੀਅਨ ਨਾਰੀਵਾਦੀ ਚਿੰਤਕ ਡੇਲ ਸਪੈਂਡਰ (Dale Spender) ਆਪਣੀ ਪੁਸਤਕ 'ਮੈਨ ਮੇਡ ਲੈਂਗੂਏਜ਼' (Man Made Language) ਵਿੱਚ ਤਰਕ ਦਿੰਦੀ ਹੈ ਕਿ ਅਸੀਂ ਭਾਸ਼ਾ ਰਾਹੀਂ ਹੀ ਯਥਾਰਥ ਗ੍ਰਹਿਣ ਕਰਦੇ ਹਾਂ ਅਤੇ ਕਿਉਂਕਿ ਭਾਸ਼ਾ ਪਿੱਤਰਕੀ ਹੈ, ਸੰਸਾਰ ਦੀ ਮਰਦਾਵੀਂ ਤਸਵੀਰ ਦੇ ਰਹੀ ਹੈ, ਇਸ ਲਈ ਨਾਰੀ ਅਨੁਭਵ ਤਾਂ Encode ਹੀ ਨਹੀਂ ਹੋ ਰਿਹਾ। ਨਾਰੀ ਲੇਖਨ ਪੁਰਸ਼ਵਾਦੀ ਭਾਸ਼ਾ ਸੰਰਚਨਾਵਾਂ ਨੂੰ ਚੁਣੌਤੀ ਮੰਨ ਕੇ ਜਾਂ ਤੱਜ ਕੇ ਹੀ ਆਪਣੀ ਵਿਲੱਖਣਤਾ ਸਥਾਪਤ ਕਰ ਸਕਦਾ ਹੈ। ਨਾਰੀ ਲੇਖਨ, ਪਿੱਤਰ ਭਾਸ਼ਾ ਦਾ ਦਾਇਰਾ ਤੋੜ ਕੇ ਹੀ ਆਪਣੇ ਅਨੁਭਵ ਨੂੰ ਪ੍ਰਗਟਾ ਸਕਦਾ ਹੈ।[22] ਨਾਰੀਵਾਦੀ ਵਿਚਾਰਧਾਰਾ ਪਿੱਤਰੀ ਭਾਸ਼ਾ ਅਤੇ ਪਿੱਤਰਸੱਤਾਤਮਕ ਸੰਸਥਾਵਾਂ ਆਦਿ ਵਿੱਚ ਕਾਰਜਸ਼ੀਲ ਪਿੱਤਰਕੀ ਰਾਜਨੀਤੀ ਤੋਂ ਨਾਰੀ ਨੂੰ ਸੁਚੇਤ ਕਰਦਾ ਹੈ ਜੋ ਔਰਤ ਦੇ ਦਮਨ ਲਈ ਜ਼ਿੰਮੇਵਾਰ ਹੈ। ਪਾਤਰ ਰਤਿ ਭਾਵੇਂ ਪੜ੍ਹੀ-ਲਿਖੀ ਔਰਤ ਹੈ, ਪਰ ਉਸਦੀ ਸੋਚ ਉੱਤੇ ਪਿੱਤਰਸੱਤਾ ਪੂਰੀ ਤਰ੍ਹਾਂ ਕਾਬਜ਼ ਹੈ। ਉਹ ਪਿੱਤਰੀ ਪ੍ਰਬੰਧ ਦੁਆਰਾ ਨਿਰਧਾਰਤ ਮਾਪਦੰਡਾਂ ਨੂੰ ਤੋੜ ਕੇ ਨਵੀਨ ਸੰਭਾਵਨਾ ਨੂੰ ਸਿਰਜਣ ਵੱਲ ਨਹੀਂ ਅਹੁਲਦੀ। ਦਰਅਸਲ ਸਮਾਜ ਵਿੱਚ ਇਸ ਗੱਲ ਨੂੰ ਪੱਕੇ ਤੌਰ 'ਤੇ ਮੰਨ ਲਿਆ ਗਿਆ ਅਤੇ ਔਰਤ ਦੀ ਮਾਨਸਿਕਤਾ ਵਿੱਚ ਇਸ ਗੱਲ ਨੂੰ ਪੱਕੇ ਤੌਰ 'ਤੇ ਬਿਠਾ ਦਿੱਤਾ ਗਿਆ ਹੈ ਕਿ ਉਸਦੀ ਆਪਣੀ ਅਸਤਿਤਵੀ ਹੋਂਦ ਅਤੇ ਪਛਾਣ ਵਿਆਹ, ਪਤੀ, ਬੱਚੇ ਅਤੇ ਘਰ, ਪਰਿਵਾਰ ਨਾਲ ਜੁੜੀ ਹੋਈ ਹੈ। ਇਸ ਲਈ ਔਰਤ ਨੂੰ ਕੁਝ ਭੂਮਿਕਾਵਾਂ ਵਿੱਚ ਬੰਨ੍ਹ ਦਿੱਤਾ ਗਿਆ ਹੈ। ਉਸਨੂੰ ਹਮੇਸ਼ਾ ਇੱਕ ਪਤਨੀ, ਇੱਕ ਬੇਟੀ ਅਤੇ ਇੱਕ ਮਾਂ ਦੇ ਰੂਪ ਵਿੱਚ ਹੀ ਦੇਖਿਆ ਜਾਂਦਾ ਹੈ ਜਿਸ ਕਰਕੇ ਇੱਕ ਪੜ੍ਹੀ-ਲਿਖੀ ਔਰਤ ਵੀ ਇਹਨਾਂ ਨਿਰਧਾਰਿਤ ਭੂਮਿਕਾਵਾਂ ਤੋਂ ਪਾਰ ਜਾ ਕੇ ਆਪਣੀ ਖ਼ੁਦਮੁਖ਼ਤਿਆਰ ਹੋਂਦ ਬਾਰੇ ਸੋਚਣ ਤੋਂ ਅਸਮੱਰਥ ਨਜ਼ਰ ਆਉਂਦੀ ਹੈ। ਰਤਿ ਦੀ ਮਾਨਸਿਕ ਘਾੜਤ ਵੀ ਪਿੱਤਰੀ ਸਮਜ ਦੀਆਂ ਨਿਯਮਾਂਵਲੀਆਂ ਦੁਆਰਾ ਹੋਈ ਹੈ ਇਸ ਕਰਕੇ ਉਸਨੂੰ ਸੁਖਦੇਵ ਦੀ ਅਗਾਂਹਵਧੂ ਸੋਚ ਨਾਲ ਕੋਈ ਸਰੋਕਾਰ ਨਹੀਂ। ਨਾਰੀਵਾਦੀ ਚਿੰਤਕ ਬੈਟੀ ਫਰੀਡਨ ਨੇ ਇਸ ਗੱਲ

ਦੀ ਕਰੜੀ ਆਲੋਚਨਾ ਕੀਤੀ ਕਿ "ਔਰਤ ਦੀ ਸੰਪੂਰਨਤਾ ਕੇਵਲ ਬੱਚੇ ਪੈਦਾ ਕਰਨ ਅਤੇ ਘਰ ਸੰਭਾਲਣ ਵਿੱਚ ਹੈ।" ਉਹ ਆਪਣੀ ਕਿਤਾਬ Feminine Mystique ਵਿੱਚ ਦੱਸਦੀ ਹੈ ਕਿ ਔਰਤ ਝੂਠੀ ਪ੍ਰਣਾਲੀ ਵਿੱਚ ਫਸੀ ਹੋਈ ਹੈ ਜਿਸ ਵਿੱਚ ਉਸਦੀ ਹੋਂਦ ਕੇਵਲ ਮਰਦ ਤੇ ਬੱਚਿਆਂ ਰਾਹੀਂ ਦੇਖੀ ਜਾਂਦੀ ਹੈ। ਅਜਿਹੀ ਪ੍ਰਣਾਲੀ ਔਰਤ ਦੀ ਖ਼ੁਦ ਦੇ ਪਰਿਵਾਰ ਵਿੱਚ ਹੋਂਦ ਗੁਆ ਦਿੰਦੀ ਹੈ।[23] ਬਿਰਤਾਂਤ ਵਿੱਚ ਪਾਤਰ ਸੁਖਦੇਵ ਰਤਿ ਨੂੰ ਪ੍ਰੰਪਰਕ ਨਾਰੀ ਦੀਆਂ ਭੂਮਿਕਾਵਾਂ ਵਿੱਚੋਂ ਬਾਹਰ ਕੱਢਣਾ ਚਾਹੁੰਦਾ ਹੈ ਤਾਂ ਜੋ ਰਤਿ ਜ਼ਿੰਦਗੀ ਭਰ ਰਿਸ਼ਤਿਆਂ ਦੀ ਮੁਥਾਜਗੀ ਝੱਲਣ ਲਈ ਮਜ਼ਬੂਰ ਨਾ ਹੋਵੇ ਅਤੇ ਆਪਣੀ ਆਜ਼ਾਦ ਜ਼ਿੰਦਗੀ ਜੀਵੇ। ਸੁਖਦੇਵ ਦੀ ਸੋਚ ਇਸ ਗੱਲ ਦਾ ਪ੍ਰਮਾਣ ਬਣ ਰਹੀ ਹੈ ਕਿ ਮਰਦ ਵੀ ਨਾਰੀਵਾਦੀ ਹੋ ਸਕਦਾ ਹੈ ਜੇਕਰ ਉਸਦੀ ਸੋਚ ਦ੍ਰਿਸ਼ਟੀ ਵਿਹਾਰਕ ਰੂਪ ਵਿੱਚ ਔਰਤ ਨੂੰ ਆਪਣੀ ਹੋਂਦ ਪ੍ਰਤੀ ਸੁਚੇਤ ਕਰੇ ਅਤੇ ਰੂੜੀਵਾਦੀ ਕਦਰਾਂ-ਕੀਮਤਾਂ ਵਿੱਚੋਂ ਬਾਹਰ ਨਿਕਲਣ ਵਿੱਚ ਔਰਤ ਦਾ ਸਾਥ ਦੇਵੇ। ਨਾਰੀਵਾਦ ਦਾ ਅੰਤਿਮ ਨਿਸ਼ਾਨਾ ਕੇਵਲ ਔਰਤ ਨੂੰ ਚੇਤਨ ਕਰਨ ਤਕ ਹੀ ਸੀਮਤ ਨਹੀਂ ਸਗੋਂ ਇਸ ਬਦਲ ਰਹੀ ਸਥਿਤੀ ਅਨੁਸਾਰ ਮਰਦ ਦੀ ਹਾਮੀ ਹਾਸਲ ਕਰਨਾ ਵੀ ਹੈ। ਰਤਿ ਦਾ ਸੁਖਦੇਵ ਨਾਲ ਵਿਆਹ ਤੋਂ ਬਿਨਾਂ ਇੱਕਠੇ ਰਹਿਣ ਤੋਂ ਇਨਕਾਰ ਕਰਨਾ, ਪਿੱਤਰਸੱਤਾ ਦੁਆਰਾ ਪੈਦਾ ਕੀਤੇ ਔਰਤ ਅੰਦਰਲੇ ਡਰ, ਭੈਅ ਅਤੇ ਸੰਤ੍ਰਾਸ ਨੂੰ ਉਜਾਗਰ ਕਰਦਾ ਹੈ। ਪੱਛਮੀ ਦੇਸ਼ਾਂ ਵਿੱਚ ਭਾਵੇਂ ਔਰਤ-ਮਰਦ ਦਾ ਵਿਆਹ ਤੋਂ ਬਿਨਾਂ ਇਕੱਠੇ ਰਹਿਣਾ ਇਕ ਸਹਿਜ ਤੇ ਪ੍ਰਵਾਨਯੋਗ ਵਰਤਾਰਾ ਹੈ ਲੇਕਿਨ ਰਤਿ ਜਿਸ ਪੂਰਬੀ ਸਭਿਆਚਾਰ ਦਾ ਹਿੱਸਾ ਹੈ, ਉੱਥੇ ਔਰਤ ਵੱਲੋਂ ਅਜਿਹਾ ਤਜ਼ਰਬਾ ਕਰਨਾ ਉਸ ਲਈ ਨੁਕਸਾਨਦਾਇਕ ਸਾਬਤ ਹੋ ਸਕਦਾ ਹੈ। ਇਸ ਲਈ ਰਤਿ ਦੀ ਇੱਛਾ ਪੰਜਾਬੀ ਸਮਾਜ-ਸਭਿਆਚਾਰਕ ਕੀਮਤ-ਪ੍ਰਬੰਧ ਅਨੁਸਾਰ ਇਕ ਔਰਤ ਵਜੋਂ ਪ੍ਰਵਾਨ ਹੋਣ ਦੀ ਹੈ। ਉਹ ਵਿਆਹ ਤੋਂ ਬਿਨਾਂ ਸੁਖਦੇਵ ਨਾਲ ਸੰਬੰਧ ਰੱਖ ਕੇ ਸਮਾਜਿਕ ਬਦਨਾਮੀ ਨਹੀਂ ਖੱਟਣਾ ਚਾਹੁੰਦੀ। ਇਸ ਲਈ ਉਹ ਸੁਖਦੇਵ ਨਾਲੋਂ ਹਰ ਪ੍ਰਕਾਰ ਦਾ ਭਾਵੁਕ ਸੰਬੰਧ ਤੋੜ ਕੇ ਆਪਣੇ ਜੀਜੇ ਦੇ ਦੋਸਤ ਜੱਗੀ ਨਾਲ ਵਿਆਹ ਕਰਵਾ ਕੇ ਮੈਲਬੋਰਨ ਚਲੀ ਜਾਂਦੀ ਹੈ। ਵਿਆਹ ਕਰਵਾ ਕੇ ਪਾਤਰ ਰਤਿ ਨੂੰ ਜਾਪਿਆ ਜਿਵੇਂ ਉਸਨੇ ਉਹ ਸਭ ਕੁਝ ਹਾਸਿਲ ਕਰ ਲਿਆ ਜੋ ਇਕ ਔਰਤ ਵਜੋਂ ਉਹ ਚਾਹੁੰਦੀ ਸੀ। ਪਰ ਉਸਦਾ ਇਹ ਭਰਮ ਵੀ ਜਲਦੀ ਹੀ ਟੁੱਟ ਜਾਂਦਾ ਹੈ। ਪਤੀ ਦੀ ਰੁਝੇਵਿਆਂ ਭਰੀ ਮਸ਼ੀਨੀ ਜ਼ਿੰਦਗੀ ਕਾਰਨ ਰਤਿ ਇਕੱਲਤਾ, ਬੇਚੈਨੀ ਅਤੇ ਉਦਾਸੀ ਦੇ ਆਲਮ ਵਿੱਚ ਘਿਰ ਜਾਂਦੀ ਹੈ। ਉਸਦੀ ਜ਼ਿੰਦਗੀ ਵਿੱਚ ਉਸ ਸਮੇਂ ਸੰਕਟ ਖੜ੍ਹਾ ਹੋ ਜਾਂਦਾ ਹੈ ਜਦੋਂ ਇਕ ਦਿਨ ਡਿਨਰ ਪਾਰਟੀ ਵਿੱਚ ਉਸਨੂੰ ਜੱਗੀ ਦੇ ਲੂਸੀ ਨਾਂ ਦੀ ਗੋਰੀ ਔਰਤ ਨਾਲ ਵਿਆਹ ਅਤੇ ਉਸਦੇ ਇੱਕ ਬੱਚੇ ਦਾ ਬਾਪ ਹੋਣ ਬਾਰੇ ਪਤਾ ਲੱਗਦਾ ਹੈ। ਉਸ ਦੀਆਂ ਵਿਆਹ ਸੰਬੰਧੀ ਪੂਰਵਲੀਆਂ ਧਾਰਨਾਵਾਂ ਕਿ ਵਿਆਹ ਇੱਕ ਪਵਿਤਰ ਬੰਧਨ ਹੈ ਅਤੇ ਔਰਤ ਦੀ ਪਛਾਣ ਦਾ ਆਧਾਰ ਹੈ, ਸਭ ਖ਼ਤਮ ਹੋ ਜਾਂਦੀਆਂ ਹਨ। ਜਦੋਂ ਉਹ ਜੱਗੀ ਤੋਂ ਉਸਦੇ ਲੂਸੀ ਨਾਲ ਸੰਬੰਧਾਂ

ਬਾਰੇ ਪੁੱਛ-ਪੜਤਾਲ ਕਰਦੀ ਹੈ ਤਾਂ ਜੱਗੀ ਦਾ ਜਵਾਬ ਸੁਣ ਕੇ ਉਹ ਹੋਰ ਵੀ ਕ੍ਰੋਧਿਤ ਹੋ ਜਾਂਦੀ ਹੈ। ਜੱਗੀ ਆਖਦਾ ਹੈ:

> "ਰਤਿ, ਲੂਸੀ ਇਕ ਗੁਲਮੋਹਰ ਦਾ ਰੁੱਖ ਏ। ਇਕ ਕੜਵਾਹਟ, ਇਕ ਮਾਦਕਤਾ ਏ ਜਿਸ ਨੂੰ ਹਰ ਕੋਈ ਛੂਹਣਾ ਚਾਹੁੰਦਾ ਏ। ਪਰ ਮੈਨੂੰ ਉਹ ਸ਼ੁਗਲ ਜਿਆਦਾ ਤੇ ਪਿਆਰ ਘੱਟ ਲਗਦੀ ਏ। ਅਗਰ ਉਹ ਮੇਰੇ ਨਾਲ ਪਿਆਰ ਜਤਾਉਣ ਦਾ ਬਹਾਨਾ ਕਰਦੀ ਵੀ ਏ ਤਾਂ Its all career oriented, ਇਸ ਲਈ ਰਤਿ ਤੂੰ ਫਿਕਰ ਨਾ ਕਰ। ਤੇਰੇ ਕੋਲ ਸੁਰੱਖਿਆ, ਸੁਵਿਧਾ, ਘਰ, ਸਾਮਾਨ, ਗੱਡੀ ਸਭ ਕੁਝ ਏ। ਤੈਨੂੰ ਜਿੰਨਾ ਮਿਲਣਾ ਚਾਹੀਦਾ ਸੀ, ਤੇਰੇ ਕੋਲ ਉਸ ਤੋਂ ਕਿਤੇ ਜ਼ਿਆਦਾ ਏ।"[24]

ਉਪਭੋਗੀ ਮਾਨਸਿਕਤਾ ਨਾਲ ਲਬਰੇਜ਼ ਪਾਤਰ ਜੱਗੀ ਲਈ ਲੂਸੀ ਨਾਲ ਸੰਬੰਧ ਸਿਰਫ਼ ਉਸਦੇ ਕਾਰੋਬਾਰ ਦਾ ਹਿੱਸਾ ਹਨ ਜਦੋਂਕਿ ਪੂਰਬੀ ਸੰਸਕਾਰਾਂ ਵਾਲੀ ਪਤਨੀ ਰਤਿ ਲਈ ਇਹ ਸੰਬੰਧ ਅਵੈਧ ਅਤੇ ਵਰਜਣਾਂ ਦੇ ਦਾਇਰੇ ਵਿੱਚ ਆਉਂਦੇ ਹਨ। ਪਾਤਰ ਰਤਿ ਜਿਹੜੀ ਸੁਖਦੇਵ ਨਾਲੋਂ ਇਸ ਗੱਲ ਕਰਕੇ ਹੀ ਰਿਸ਼ਤਾ ਤੋੜਦੀ ਹੈ ਕਿ ਉਹ ਬਿਨਾਂ ਵਿਆਹ ਤੋਂ ਕਿਸੇ ਮਰਦ ਨਾਲ ਸੰਬੰਧ ਰੱਖਣ ਨੂੰ ਸਭਿਆਚਾਰਕ ਪੱਖ ਤੋਂ ਜਾਇਜ਼ ਨਹੀਂ ਮੰਨਦੀ ਸੀ ਪ੍ਰੰਤੂ ਪਤੀ ਜੱਗੀ ਦੀ ਸੋਚ ਕਾਰਨ ਉਹ ਦਵੰਦਾਤਮਕ ਸਥਿਤੀ ਵਿੱਚ ਘਿਰ ਜਾਂਦੀ ਹੈ। ਪਿੱਤਰਸੱਤਾ ਅਤੇ ਮਰਦਸੱਤਾ ਹੱਥੋਂ ਸ਼ੋਸ਼ਿਤ ਹੋਈ ਪਾਤਰ ਰਤਿ ਅੰਤ ਪਤੀ ਦਾ ਘਰ ਛੱਡ ਕੇ ਆਪਣੇ ਸਵੈ ਨੂੰ ਪਛਾਣਨ ਦੇ ਰਾਹ ਤੁਰਦੀ ਹੈ। ਇਸ ਮਕਸਦ ਲਈ ਉਹ ਮੁੜ ਪੜ੍ਹਾਈ ਸ਼ੁਰੂ ਕਰਦੀ ਹੈ। ਯੂਨੀਵਰਸਿਟੀ ਵਿੱਚ ਫੈਲੋਸ਼ਿਪ ਪ੍ਰਾਪਤ ਕਰਕੇ ਪਲਾਂਟ ਪੈਥਾਲੋਜੀ ਦੀ ਪੜ੍ਹਾਈ ਕਰਦਿਆਂ ਉਸਨੂੰ ਆਪਣੇ ਅੰਦਰ ਨਵੀਂ ਚੇਤਨਾ ਸ਼ਕਤੀ ਦਾ ਅਹਿਸਾਸ ਹੁੰਦਾ ਹੈ। ਉਹ ਪਿੱਤਰੀ ਵਿਆਹ ਸੰਸਥਾ, ਔਰਤ-ਮਰਦ ਰਿਸ਼ਤੇ ਵਿਚਲੀ ਰਾਜਨੀਤੀ, ਰਿਸ਼ਤਿਆਂ ਦੀ ਆੜ ਹੇਠ ਹੁੰਦੇ ਔਰਤ ਦੇ ਸ਼ੋਸ਼ਣ ਨੂੰ ਸਮਝਦੀ ਹੋਈ ਆਤਮ-ਨਿਰਭਰ ਹੋ ਕੇ ਆਪਣੇ ਲਈ ਜਿਊਣ ਦਾ ਫੈਸਲਾ ਕਰਦੀ ਹੈ। ਕਹਾਣੀ ਦੇ ਅੰਤ ਵਿੱਚ ਜਦੋਂ ਰਤਿ ਅੱਠ ਵਰ੍ਹਿਆਂ ਬਾਅਦ ਵਾਪਸ ਆਪਣੇ ਪਿੰਡ ਪਰਤਦੀ ਹੈ ਤਾਂ ਉਹ ਸੁਖਦੇਵ ਅਤੇ ਉਸਦੇ ਗੋਦ ਲਏ ਦੋ ਬੱਚਿਆਂ ਨੂੰ ਮਿਲ ਕੇ ਬਹੁਤ ਖ਼ੁਸ਼ ਹੁੰਦੀ ਹੈ। ਅਪਣੀ ਪ੍ਰਤਿਕ੍ਰਿਆ ਰਾਹੀਂ ਉਹ ਸੁਖਦੇਵ ਦੀ ਵਰ੍ਹੇ ਪਹਿਲਾ ਵਿਕਸਤ ਹੋ ਚੁੱਕੀ ਨਾਰੀਵਾਦੀ ਸੋਚ ਨਾਲ ਸਹਿਮਤੀ ਜਤਾਉਂਦੀ ਨਜ਼ਰ ਆਉਂਦੀ ਹੈ। ਇਸ ਤਰ੍ਹਾਂ ਪਾਤਰ ਰਤਿ ਨਾਰੀ ਵਿਰੋਧੀ ਪ੍ਰਸਥਿਤੀਆਂ ਨਾਲ ਜਦੋ-ਜਹਿਦ ਕਰਦੀ ਹੋਈ ਇਕ ਜਾਗਰੂਕ ਔਰਤ ਬਣ ਕੇ ਉੱਭਰਦੀ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪ੍ਰਵੇਜ਼ ਸੰਧੂ ਅਤੇ ਰਾਣੀ ਨਗਿੰਦਰ ਕੌਰ ਦੀਆਂ ਉਪਰੋਕਤ ਕਹਾਣੀਆਂ ਪੂਰਬੀ ਅਤੇ ਪੱਛਮੀ ਸਭਿਆਚਾਰਕ ਕਦਰਾਂ-ਕੀਮਤਾਂ ਅਤੇ ਜੀਵਨ ਮੁੱਲਾਂ ਵਿਚਲੇ ਵਖਰੇਵੇਂ ਕਾਰਨ ਪਰਵਾਸੀ ਪੰਜਾਬੀਆਂ ਦੇ ਪਰਿਵਾਰਿਕ ਰਿਸ਼ਤਿਆਂ ਵਿੱਚ ਪੈਦਾ ਹੋਏ ਤਣਾਉ, ਪੀੜ੍ਹੀ-ਪਾੜੇ ਦਾ ਸਭਿਆਚਾਰਕ ਸੰਕਟ, ਬਦਲੀਆਂ ਪ੍ਰਸਥਿਤੀਆਂ ਦੇ ਸੰਦਰਭ ਵਿੱਚ ਪਰਵਾਸੀ ਪੰਜਾਬੀ ਔਰਤ ਦੀ ਬਦਲ ਰਹੀ ਸਥਿਤੀ, ਨਵ-ਪੂੰਜੀਵਾਦੀ ਪ੍ਰਬੰਧ ਵਿੱਚ ਉਪਭੋਗਤਾਵਾਦ ਅਤੇ ਨਿੱਜਵਾਦੀ ਮਾਹੌਲ ਕਾਰਨ ਪੂਰਬੀ ਅਤੇ ਪੱਛਮੀ ਸਮਾਜ ਵਿੱਚ ਔਰਤ-ਮਰਦ ਸੰਬੰਧਾਂ ਦੇ ਬਦਲ ਰਹੇ ਸਰੂਪ ਨੂੰ ਅਗਭੂਮਿਤ ਕਰਦੀਆਂ ਹਨ। ਪ੍ਰਵੇਜ਼ ਸੰਧੂ ਇਹਨਾਂ ਕਹਾਣੀਆਂ ਵਿੱਚ ਤਿੰਨ ਪੀੜ੍ਹੀਆਂ ਦੀ ਪੰਜਾਬੀ ਔਰਤ ਦੀ ਮਾਨਸਿਕਤਾ ਨੂੰ ਤੁਲਨਾਤਮਕ ਪ੍ਰਸੰਗ ਵਿੱਚ ਰੱਖ ਕੇ ਪੇਸ਼ ਕਰਦੀ ਹੈ। ਇਹਨਾਂ ਕਹਾਣੀਆਂ ਵਿਚਲੀ ਪਹਿਲੀ ਪੀੜ੍ਹੀ ਦੀ ਔਰਤ ਪਾਤਰ ਪੰਜਾਬ ਵਿੱਚ ਰਹਿ ਰਹੀ ਪ੍ਰੰਪਰਕ ਸੰਸਕਾਰਾਂ ਨੂੰ ਪ੍ਰਣਾਈ ਅਜਿਹੀ ਆਦਰਸ਼ ਭਾਰਤੀ ਨਾਰੀ ਹੈ ਜਿਹੜੀ ਨਾ ਤਾਂ ਆਪਣੀ ਸ਼ੋਸ਼ਿਤ ਸਥਿਤੀ ਪ੍ਰਤੀ ਸੁਚੇਤ ਹੈ ਅਤੇ ਨਾ ਹੀ ਆਪਣੇ ਅਧਿਕਾਰਾਂ ਬਾਰੇ ਜਾਣਨ ਵੱਲ ਰੁਚਿਤ ਹੁੰਦੀ ਹੈ। ਔਰਤ ਨੂੰ ਗ਼ੁਲਾਮ ਬਣਾਉਣ ਵਾਲੀਆਂ ਰੂੜ੍ਹੀਵਾਦੀ ਮਿੱਥਕ ਧਾਰਣਾਵਾਂ ਦੀ ਸ਼ਿਕਾਰ ਇਹ ਪਾਤਰ ਆਪਣੀ ਧੀ ਜਿਹੜੀ ਕਿ ਦੂਜੀ ਪੀੜ੍ਹੀ ਦੀ ਔਰਤ ਹੈ, ਦੀ ਮਾਨਸਿਕਤਾ ਨੂੰ ਵੀ ਪਿੱਤਰਕੀ ਪ੍ਰਬੰਧ ਅਨੁਸਾਰ ਢਾਲਣਾ ਚਾਹੁੰਦੀ ਹੈ। ਦੂਜੀ ਪੀੜ੍ਹੀ ਦੀ ਔਰਤ ਪਾਤਰ ਪੰਜਾਬ ਤੋਂ ਪਰਵਾਸ ਕਰਕੇ ਅਮਰੀਕਾ ਵਰਗੇ ਅਤਿ ਵਿਕਸਤ ਦੇਸ਼ ਵਿੱਚ ਵੱਸ ਚੁੱਕੀ ਅਜਿਹੀ ਔਰਤ ਹੈ ਜਿਹੜੀ ਪੂਰਬੀ ਅਤੇ ਪੱਛਮੀ ਸੰਸਕ੍ਰਿਤਕ ਕਦਰਾਂ-ਕੀਮਤਾਂ ਦੇ ਅੰਤਰ ਕਾਰਨ ਦਵੰਦਾਤਮਕ ਸਥਿਤੀ ਵਿੱਚ ਗੁਜ਼ਰਦੀ ਹੈ। ਪੱਛਮੀ ਸਭਿਆਚਾਰ ਦਾ ਹਿੱਸਾ ਬਣ ਚੁੱਕੀ ਇਹ ਔਰਤ ਪਾਤਰ ਪੜ੍ਹੀ-ਲਿਖੀ, ਆਰਥਿਕ ਤੌਰ 'ਤੇ ਸਵੈ-ਨਿਰਭਰ ਅਤੇ ਨਾਰੀ ਅਧਿਕਾਰਾਂ ਬਾਰੇ ਵੀ ਜਾਗਰੂਕ ਹੈ ਪ੍ਰੰਤੂ ਇਸਦੇ ਬਾਵਜੂਦ ਉਹ ਪਿੱਤਰਸੱਤਾਤਮਕ ਮੁੱਲਾਂ ਵਿੱਚ ਜਕੜੀ ਹੋਈ ਹੈ। ਆਪਣੀ ਦਮਿਤ ਸਥਿਤੀ ਦਾ ਅਹਿਸਾਸ ਹੋਣ ਦੇ ਬਾਵਜੂਦ ਉਹ ਪਿੱਤਰੀ ਸੋਚ ਵਾਲੇ ਪਤੀ ਹੱਥੋਂ ਸਰੀਰਕ, ਮਾਨਸਿਕ ਰੂਪ ਵਿੱਚ ਸ਼ੋਸ਼ਿਤ ਹੁੰਦੀ ਹੋਈ ਘਰ, ਪਰਿਵਾਰ ਅਤੇ ਵਿਆਹ ਜਿਹੀਆਂ ਸੰਸਥਾਵਾਂ ਵਿੱਚ ਦੁਜੈਲੇ ਪੱਧਰ 'ਤੇ ਵਿਚਰਦੀ ਹੈ। ਪ੍ਰਵੇਜ਼ ਸੰਧੂ ਦੀਆਂ ਕਹਾਣੀਆਂ ਵਿੱਚ ਪੇਸ਼ ਤੀਜੀ ਪੀੜ੍ਹੀ ਦੀ ਪਰਵਾਸੀ ਪੰਜਾਬੀ ਔਰਤ ਪਾਤਰ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਚੇਤੰਨ ਔਰਤ ਵਜੋਂ ਸਾਹਮਣੇ ਆਉਂਦੀ ਹੈ। ਪੱਛਮੀ ਸਭਿਆਚਾਰ ਦੀ ਜੰਮਪਲ ਹੋਣ ਕਾਰਨ ਉਸ ਦੀ ਮਾਨਸਿਕਤਾ ਵੀ ਪੱਛਮੀ ਕਦਰਾਂ-ਕੀਮਤਾਂ ਤੋਂ ਪ੍ਰਭਾਵਿਤ ਹੈ। ਇਹ ਔਰਤ ਪਾਤਰ ਜਿੱਥੇ ਪ੍ਰੰਪਰਕ ਰੂੜ੍ਹੀਵਾਦੀ ਕਦਰਾਂ-ਕੀਮਤਾਂ ਨੂੰ ਮੁੱਢੋਂ ਰੱਦ ਕਰਦੀ ਹੈ, ਉੱਥੇ ਪੂਰਬੀ ਸਭਿਆਚਾਰ ਵਿਚਲੇ ਦੋਹਰੇ ਮਾਪਦੰਡਾਂ 'ਤੇ ਵੀ ਸਵਾਲੀਆ ਨਿਸ਼ਾਨ ਲਾਉਂਦੀ ਹੈ ਜਿਹੜੇ ਔਰਤ ਨੂੰ ਮਰਦ ਤੋਂ ਦੁਜੈਲੇ ਸਥਾਨ 'ਤੇ ਰੱਖਦੇ ਹਨ। ਉਹ ਆਪਣੀ ਵਿਅਕਤੀਗਤ

ਆਜ਼ਾਦੀ ਅਤੇ ਸੁਤੰਤਰ ਹੋਂਦ ਦੀ ਪਛਾਣ ਲਈ ਪਿੱਤਰਕੀ ਸੋਚ ਵਾਲੇ ਮਰਦ (ਪਿਤਾ, ਭਰਾ, ਪਤੀ) ਦੀ ਵਿਰੋਧਤਾ ਕਰਦੀ ਹੋਈ ਬਗਾਵਤ 'ਤੇ ਉੱਤਰ ਆਉਂਦੀ ਹੈ। ਪਰਵਾਸੀ ਪੰਜਾਬੀ ਮਰਦ ਖ਼ੁਦ ਤਾਂ ਪੱਛਮੀ ਸਭਿਆਚਾਰ ਦੀਆਂ ਖੁੱਲ੍ਹਾਂ ਨੂੰ ਮਾਨਣਾ ਚਾਹੁੰਦਾ ਹੈ ਪ੍ਰੰਤੂ ਆਪਣੀ ਪਤਨੀ ਅਤੇ ਧੀ ਨੂੰ ਆਜ਼ਾਦੀ ਪੂਰਬੀ ਸਭਿਆਚਾਰਕ ਮੁੱਲਾਂ ਅਨੁਸਾਰ ਦੇਣਾ ਚਾਹੁੰਦਾ ਹੈ ਜਿਸਦੇ ਸਿੱਟੇ ਵਜੋਂ ਉਹਨਾਂ ਦੇ ਆਪਸੀ ਰਿਸ਼ਤਿਆਂ ਵਿੱਚ ਤਣਾਉ ਅਤੇ ਸੰਕਟ ਪੈਦਾ ਹੁੰਦਾ ਹੈ।

ਰਾਣੀ ਨਗਿੰਦਰ ਦੀਆਂ ਕਹਾਣੀਆਂ ਨਵ-ਪੂੰਜੀਵਾਦੀ ਪ੍ਰਬੰਧ ਵਿੱਚ ਉਪਭੋਗੀ ਅਤੇ ਨਿੱਜ ਕੇਂਦਰਿਤ ਰੁਚੀਆਂ ਦੇ ਉਪਜਣ ਕਾਰਨ ਜਿੱਥੇ ਪਤੀ-ਪਤਨੀ ਸੰਬੰਧਾਂ ਵਿੱਚ ਪੈਦਾ ਹੋ ਰਹੇ ਅਸੁਤੰਲਨ ਅਤੇ ਤਣਾਉਸ਼ੀਲ ਸਥਿਤੀ ਨੂੰ ਰੂਪਮਾਨ ਕਰਦੀਆਂ ਹਨ, ਉੱਥੇ ਇਸ ਵਰਤਾਰੇ ਤੋਂ ਪ੍ਰਭਾਵਿਤ ਦੋਹਰੇ-ਤੀਹਰੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੀ ਭਾਰਤੀ ਅਤੇ ਪਰਵਾਸੀ ਪੰਜਾਬੀ ਔਰਤ ਦੀ ਮਨੋਸਥਿਤੀ ਨੂੰ ਵੀ ਦ੍ਰਿਸ਼ਟੀਗੋਚਰ ਕਰਦੀਆਂ ਹਨ। ਉਸ ਦੀਆਂ ਕਹਾਣੀਆਂ ਵਿੱਚ ਪੇਸ਼ ਔਰਤ ਪਾਤਰਾਂ ਪਦਾਰਥ ਅਤੇ ਪੈਸੇ ਦੀ ਦੌੜ ਵਿੱਚ ਖਚਿਤ ਮਰਦ ਪਤੀ ਦੀ ਉਪਭੋਗੀ ਮਾਨਸਿਕਤਾ ਅਤੇ ਪਿੱਤਰਕੀ ਵਿਵਹਾਰ ਤੋਂ ਦੁਖੀ ਹੋ ਕੇ ਨਿਰੰਤਰ ਮਾਨਸਿਕ ਤਣਾਉ ਵਿੱਚ ਘਿਰੀਆਂ ਨਜ਼ਰ ਆਉਂਦੀਆਂ ਹਨ। ਨਾਰੀਵਾਦੀ ਨਜ਼ਰੀਏ ਤੋਂ ਦੇਖੀਏ ਤਾਂ ਪੂਰਬੀ ਅਤੇ ਪੱਛਮੀ ਦੋਵਾਂ ਸਮਾਜ ਵਿੱਚ ਵਿਚਰ ਰਹੀਆਂ ਇਹਨਾਂ ਔਰਤ ਪਾਤਰਾਂ ਦਾ ਦੁੱਖ ਬਾਹਰੀ ਪ੍ਰਸਥਿਤੀਆਂ ਨਾਲੋਂ ਕਿਤੇ ਵੱਧ ਉਹਨਾਂ ਦੀ ਸਵੈ-ਵਿਰੋਧੀ ਮਾਨਸਿਕ ਅਵਸਥਾ ਵਿਚੋਂ ਉਪਜਦਾ ਹੈ। ਉਹ ਆਪਣੀ ਜ਼ਿੰਦਗੀ ਅਤੇ ਖ਼ੁਸ਼ੀ ਦੇ ਅਰਥ ਮਰਦ ਵਿੱਚੋਂ ਤਲਾਸ਼ ਰਹੀਆਂ ਹਨ। ਪਿੱਤਰਕੀ ਪ੍ਰਬੰਧ ਦੀਆਂ ਸ਼ਿਕਾਰ ਹੋਣ ਕਾਰਨ ਉਹ ਮਰਦ ਪਤੀ ਵੱਲੋਂ ਅਣਗੋਲੇ ਜਾਣ ਦੀ ਸੂਰਤ ਵਿੱਚ ਵੀ ਉਸ ਨਾਲ ਰਿਸ਼ਤਾ ਬਣਾਈ ਰੱਖਣਾ ਚਾਹੁੰਦੀਆਂ ਹਨ। ਇਹਨਾਂ ਕਹਾਣੀਆਂ ਵਿੱਚੋਂ ਅਜਿਹੀਆਂ ਚੇਤੰਨ ਔਰਤ ਪਾਤਰਾਂ ਵੀ ਉੱਭਰ ਕੇ ਸਾਹਮਣੇ ਆਉਂਦੀਆਂ ਹਨ ਜਿਹੜੀਆਂ ਆਪਣੀ ਸੁਤੰਤਰ ਅਸਤਿਤਵੀ ਪਛਾਣ ਦੀ ਸਥਾਪਤੀ ਲਈ ਮਰਦ ਦੇ ਪੈਤਰਿਕ ਰਵੱਈਏ ਦੀ ਵਿਰੋਧਤਾ ਕਰਦੀਆਂ ਹਨ। ਉਹ ਪਤੀ ਨਾਲ ਬਰਾਬਰ ਧਰਾਤਲ 'ਤੇ ਰਿਸ਼ਤਾ ਸਥਾਪਿਤ ਕਰਨਾ ਚਾਹੁੰਦੀਆਂ ਹਨ। ਜੇਕਰ ਅਜਿਹਾ ਨਹੀਂ ਵਾਪਰਦਾ ਤਾਂ ਉਹ ਸਵੈ-ਤਰਸ ਦਾ ਸ਼ਿਕਾਰ ਹੋਣ ਦੀ ਬਜਾਇ ਆਪਣੇ ਸਵੈ-ਮਾਨ ਦੀ ਰੱਖਿਆ ਲਈ ਪ੍ਰਸਥਿਤੀਆਂ ਨਾਲ ਟਕਰਾਉਂਦੀਆਂ ਹਨ।

**ਲੈਸਬੀਅਨ ਸੰਬੰਧਾਂ ਦਾ ਸਭਿਆਚਾਰਕ ਸੰਕਟ**

ਸਮਲਿੰਗੀ ਸਿਧਾਂਤ (Queer Theory) ਦੇ ਅੰਤਰਗਤ ਨਾਰੀ-ਨਾਰੀ ਦੇ ਰਿਸ਼ਤੇ ਨੂੰ ਲੈਸਬੀਅਨ ਸੰਬੰਧ ਵਜੋਂ ਪਰਿਭਾਸ਼ਤ ਕੀਤਾ ਜਾਂਦਾ ਹੈ। ਡੈਲ ਮਾਰਟਿਨ (Dell Martin) ਅਤੇ ਫਾਈਲਸ ਲਾਇਨ (Phyllis lyon) ਅਨੁਸਾਰ :

> ਇਕ ਔਰਤ ਜਿਸਦੇ ਮੁੱਢਲੇ ਕਾਮੁਕ, ਮਨੋਵਿਗਿਆਨਕ, ਭਾਵਾਤਮਕ ਅਤੇ ਸਮਾਜਿਕ ਰੁਚੀਆਂ ਆਪਣੇ ਹੀ ਜਿਨਸ ਭਾਵ ਔਰਤ ਪ੍ਰਤੀ ਹੋਣ ਭਾਵੇਂ ਇਹ ਸੰਬੰਧ ਸ਼ਰੇਆਮ ਨਾ ਵੀ ਪ੍ਰਗਟਾਏ ਜਾਂਦੇ ਹੋਣ, ਨੂੰ ਅਸੀਂ 'ਲੈਸਬੀਅਨ' ਆਖਾਂਗੇ।[25]

1970 ਦੇ ਦਹਾਕੇ ਵਿੱਚ ਔਰਤ ਸਮਲਿੰਗਕਤਾ (Lesbianism) ਦਾ ਸੰਕਲਪ ਆਪਣੀ ਪਛਾਣ ਮਰਦ ਏਕਾਧਿਕਾਰ ਦੇ ਵਿਰੋਧ ਵਜੋਂ ਕਰਦਾ ਹੈ। ਸੰਨ 1970 ਵਿੱਚ ਨਾਰੀਵਾਦੀ ਚੇਤਨਾ ਅਧੀਨ ਰੈਡੀਕਲ ਲੈਸਬੀਅਨ (Redical Lesbians) ਨਾਂ ਦੇ ਇਕ ਨਾਰੀਵਾਦੀ ਸੰਗਠਨ ਨੇ ਆਪਣੇ ਇਕ ਪ੍ਰਸਤਾਵ ਜਿਸਦਾ ਸਿਰਲੇਖ ਸੀ 'ਔਰਤ ਹੀ ਔਰਤ ਨੂੰ ਸਮਝ ਸਕਦੀ ਹੈ' ਵਿੱਚ ਇਹ ਘੋਸ਼ਣਾ ਕੀਤੀ ਕਿ :

> ਲੈਸਬੀਅਨ ਸਾਰੀ ਨਾਰੀ ਜਾਤੀ ਦੇ ਅਪਾਰ ਕ੍ਰੋਧ ਨੂੰ ਇਕ ਛੋਟੇ ਜਿਹੇ ਵਿਸਫੋਟਕ ਰੂਪ ਵਿੱਚ ਪ੍ਰਗਟ ਕਰਦਾ ਹੈ, ਜੋ ਪੁਰਸ਼-ਪ੍ਰਧਾਨ ਸਮਾਜ ਵਿੱਚ ਅੰਤਰਨਿਹਿਤ ਲਿੰਗਕ ਪੱਖਪਾਤ ਕਾਰਣ ਹੋਂਦ ਵਿੱਚ ਆਇਆ ਹੈ।[26]

ਲੈਸਬੀਅਨ ਨਾਰੀਵਾਦੀ ਚਿੰਤਕਾਂ ਦਾ ਮੱਤ ਹੈ ਕਿ ਵਿਪਰੀਤ-ਲਿੰਗੀ ਸੰਬੰਧ (Hetrosexual) ਵਿੱਚ ਮਰਦ ਪ੍ਰਭੂਸੱਤਾ ਦੀ ਪ੍ਰਧਾਨਤਾ ਕਾਰਨ ਔਰਤ ਸ਼ੋਸ਼ਿਤ ਹੁੰਦੀ ਰਹਿੰਦੀ ਹੈ। ਸੰਨ 1980 ਵਿੱਚ ਕਵਿੱਤਰੀ ਐਡਰਿਨ ਰਿਚ (Adrienne Rich) ਆਪਣੀ ਪੁਸਤਕ 'ਕੰਮਪਲਸਰੀ ਹੈਟਰੋ ਸੈਕਸੁਅਲਟੀ' (Compulsory hetro Sexuality) ਵਿੱਚ ਪਰਜਿਨਸੀ ਸੰਬੰਧਾਂ ਨੂੰ ਔਰਤਾਂ ਉਪਰ ਥੋਪਿਆ ਮੰਨਦੀ ਹੈ ਕਿਉਂਕਿ ਇਨ੍ਹਾਂ ਸੰਬੰਧਾਂ ਵਿੱਚ ਕਾਮੁਕ ਵਿਹਾਰ ਵਿੱਚ ਮਰਦਾਂ ਦਾ ਹੀ ਏਕਾਧਿਕਾਰ ਰਹਿੰਦਾ ਹੈ ਤੇ ਔਰਤਾਂ ਦੀ ਸਹਿਮਤੀ/ਅਸਹਿਮਤੀ ਉੱਪਰ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ।[27] ਇਸ ਤਰ੍ਹਾਂ ਲੈਸਬੀਅਨ ਨਾਰੀਵਾਦੀਆਂ ਨੇ ਦੋ ਲਿੰਗੀ-ਸੰਬੰਧਾਂ ਦੀ ਧਾਰਨਾ ਨੂੰ ਪਿੱਤਰਸੱਤਾ ਦਾ ਕੇਂਦਰ ਮੰਨਦਿਆਂ ਇਸਦੀ ਆਲੋਚਨਾ ਕੀਤੀ ਅਤੇ ਨਾਰੀ-ਨਾਰੀ ਦੇ ਲੈਸਬੀਅਨ ਸੰਬੰਧਾਂ ਨੂੰ ਵਧੇਰੇ ਪ੍ਰਮਾਣਿਕ ਮੰਨਿਆ। ਸਮਕਾਲੀ ਦੌਰ ਵਿੱਚ ਭਾਵੇਂ ਵਿਸ਼ਵ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਲੈਸਬੀਅਨ ਸੰਬੰਧਾਂ ਨੂੰ ਕਾਨੂੰਨੀ ਰੂਪ ਵਿੱਚ ਮਾਨਤਾ ਪ੍ਰਾਪਤ ਹੈ ਪ੍ਰੰਤੂ ਇਸਦੇ ਬਾਵਜੂਦ ਇਹਨਾਂ ਸੰਬੰਧਾਂ ਉੱਪਰ ਕੁਦਰਤੀ ਨੇਮਾਂ ਦੇ ਉਲਟ ਜਾਣ ਦਾ ਇਲਜ਼ਾਮ ਲੱਗਦਾ ਰਿਹਾ ਹੈ। ਸਮਾਜ-ਸਭਿਆਚਾਰਕ ਪੱਧਰ 'ਤੇ ਇਹਨਾਂ ਸੰਬੰਧਾਂ ਨੂੰ ਗ਼ੈਰ-ਸਾਂਸਕ੍ਰਿਤਕ ਮੰਨ ਕੇ ਇਹਨਾਂ ਦੀ ਕਰੜੀ ਆਲੋਚਨਾ ਕੀਤੀ ਜਾਂਦੀ ਹੈ। ਅੱਜ ਜਦੋਂ ਵਿਸ਼ਵ ਪੱਧਰ ਉੱਤੇ ਲੈਸਬੀਅਨ ਸੰਬੰਧਾਂ ਬਾਰੇ ਭੱਖਵੀਂ ਚਰਚਾ ਚੱਲ ਰਹੀ ਹੈ ਤਾਂ ਅਜਿਹੇ ਸਮੇਂ ਵਿਸ਼ਵ ਸਾਹਿਤ ਅਤੇ ਚਿੰਤਨ ਦਾ ਖੇਤਰ ਵੀ ਇਸ ਬਹਿਸ ਤੋਂ ਅਣਭਿੱਜ ਨਹੀਂ ਰਹਿ ਸਕਦਾ। ਪੰਜਾਬੀ ਕਹਾਣੀ ਸਾਹਿਤਕਾਰਾਂ ਨੇ ਵੀ ਲੈਸਬੀਅਨ ਸੰਬੰਧਾਂ ਨੂੰ ਵਿਸ਼ੇ ਵਜੋਂ ਆਪਣੇ ਕਥਾ ਬਿਰਤਾਂਤ ਦਾ ਹਿੱਸਾ ਬਣਾਇਆ ਹੈ।

ਪ੍ਰਵੇਜ਼ ਸੰਧੂ ਦੀ ਕਹਾਣੀ 'ਸੈਂਡੀ ਫਿਰ ਉਦਾਸ ਹੈ' ਅੰਗਰੇਜ਼ ਔਰਤ ਪਾਤਰ ਸੈਂਡੀ ਅਤੇ ਉਸਦੀ ਸਹੇਲੀ ਵਿਚਲੇ ਲੈਸਬੀਅਨ ਸੰਬੰਧਾਂ ਦੇ ਉਪਜਣ, ਵਿਗਸਣ ਅਤੇ ਟੁੱਟਣ ਦੇ ਕਾਰਨਾਂ ਨੂੰ ਪੇਸ਼ ਕਰਨ ਦੇ ਨਾਲ-ਨਾਲ ਉਹਨਾਂ ਪਾਤਰਾਂ ਦੇ ਮਾਨਸਿਕ ਰਵੱਈਏ ਨੂੰ ਵੀ ਉਜਾਗਰ ਕਰਦੀ ਹੈ। ਸੈਂਡੀ ਪੈਂਤੀ ਕੁ ਵਰ੍ਹਿਆਂ ਦੀ ਮੈਕਸੀਕਨ ਔਰਤ ਹੈ। ਬਿਰਤਾਂਤਕਾਰ ਅਤੇ ਪਾਤਰ ਸੈਂਡੀ ਇਕੋ ਫੈਕਟਰੀ ਵਿੱਚ ਕੰਮ ਕਰਦੀਆਂ ਹਨ। ਜਦੋਂ ਸੈਂਡੀ ਮਰਦਾਂ ਵਾਂਗ ਤੁਰਦੀ, ਮਰਦਾਵਾਂ ਪਹਿਰਾਵਾ ਪਾਉਂਦੀ ਅਤੇ ਮਰਦਾਂ ਵਾਂਗ ਹੀ ਗਾਲ੍ਹਾਂ ਕੱਢਦੀ ਤਾਂ ਫੈਕਟਰੀ ਵਿੱਚ ਕੰਮ ਕਰਦੇ ਸਾਰੇ ਮਰਦ ਸੈਂਡੀ ਦੇ ਅਜਿਹੇ ਵਿਵਹਾਰ ਤੋਂ ਹੈਰਾਨ ਹੁੰਦੇ। ਉਹ ਸੈਂਡੀ ਅਤੇ ਉਸਦੀ ਸਹੇਲੀ ਦੇ ਲੈਸਬੀਅਨ ਸੰਬੰਧਾਂ ਬਾਰੇ ਗੱਲਾਂ ਕਰਦੇ ਜਿੱਥੇ ਰੁਮਾਂਚਿਤ ਹੁੰਦੇ, ਉੱਥੇ ਨਾਲ ਹੀ ਉਸ ਦੇ ਇਸ ਰਿਸ਼ਤੇ ਨੂੰ ਦੁਤਕਾਰਦੇ ਹੋਏ ਨਫ਼ਰਤ ਨਾਲ ਭਰ ਜਾਂਦੇ। ਦੂਜੇ ਪਾਸੇ ਲੈਸਬੀਅਨ ਰਿਸ਼ਤੇ ਨੂੰ ਜਿਉਂ ਰਹੀ ਪਾਤਰ ਸੈਂਡੀ ਨੂੰ ਨਾ ਤਾਂ ਆਪਣੇ ਸਾਥੀ ਮਰਦਾਂ ਦੀ ਸੋਚ ਨਾਲ ਕੋਈ ਫ਼ਰਕ ਪੈਂਦਾ ਹੈ ਅਤੇ ਨਾ ਹੀ ਸਮਾਜਿਕ ਪੱਧਰ 'ਤੇ ਉਹ ਆਪਣੇ ਰਿਸ਼ਤੇ ਪ੍ਰਤੀ ਕਿਸੇ ਹੀਣ-ਭਾਵ ਦੀ ਸ਼ਿਕਾਰ ਹੁੰਦੀ ਹੈ। ਬਿਰਤਾਂਤਕਾਰ ਦੇ ਪੁੱਛਣ 'ਤੇ ਪਾਤਰ ਸੈਂਡੀ ਬਿਨਾਂ ਕਿਸੇ ਝਿਜਕ ਦੇ ਆਪਣੇ ਲੈਸਬੀਅਨ ਸੰਬੰਧਾਂ ਬਾਰੇ ਦੱਸਦੀ ਹੈ :

> "ਬੱਸ ਬੰਦੇ ਮੈਨੂੰ ਐਕਸਾਈਟ ਨਹੀਂ ਕਰਦੇ ...ਮੇਰੇ ਮਨ ਨੂੰ ਖਿੱਚਦੇ ਨਹੀਂ ...।"[28]

ਅਸਲ ਵਿੱਚ ਪਾਤਰ ਸੈਂਡੀ ਦੀ ਮਰਦਾਂ ਪ੍ਰਤੀ ਬੇਮੁਖ਼ਤਾ ਅਤੇ ਅਸਵੀਕ੍ਰਿਤੀ ਦੇ ਕਾਰਨ ਉਸਦੀ ਬੀਤੀ ਜ਼ਿੰਦਗੀ ਦੇ ਪਿਛੋਕੜ ਵਿੱਚ ਪਏ ਹਨ। ਅਠਾਰਾਂ ਸਾਲ ਦੀ ਉਮਰ ਵਿੱਚ ਸੈਂਡੀ ਨੇ ਜਿਸ ਮੁੰਡੇ ਨਾਲ ਪਿਆਰ ਕੀਤਾ, ਜਿਸਦੇ ਬੱਚੇ ਦੀ ਉਹ ਮਾਂ ਬਣੀ ਉਸ ਹੱਥੋਂ ਧੋਖੇ ਦੀ ਸ਼ਿਕਾਰ ਹੋ ਕੇ ਉਹ ਮਾਨਸਿਕ ਰੂਪ ਵਿੱਚ ਪੂਰੀ ਤਰ੍ਹਾਂ ਟੁੱਟ ਜਾਂਦੀ ਹੈ। ਉਸ ਮੁੰਡੇ ਨੇ ਆਪਣੇ ਪਹਿਲਾਂ ਵਿਆਹੇ ਹੋਣ ਦੀ ਗੱਲ ਛੁਪਾ ਕੇ ਸੈਂਡੀ ਦਾ ਸਰੀਰਕ, ਮਾਨਸਿਕ ਸ਼ੋਸ਼ਣ ਕੀਤਾ ਅਤੇ ਉਸਨੂੰ ਛੱਡ ਕੇ ਚਲਾ ਗਿਆ। ਇਹਨਾਂ ਘਟਨਾਵਾਂ ਉਪਰੰਤ ਜਿੱਥੇ ਸੈਂਡੀ ਸਮੁੱਚੀ ਮਰਦ ਜਾਤ ਪ੍ਰਤੀ ਨਫ਼ਰਤ ਨਾਲ ਭਰ ਜਾਂਦੀ ਹੈ, ਉੱਥੇ ਉਸਦੀ ਨਾਰੀ ਪ੍ਰਤੀ ਖਿੱਚ ਵੱਧਣ ਲੱਗਦੀ ਹੈ। ਉਹ ਆਪਣੀ ਮਹਿਲਾ ਦੋਸਤ ਨੂੰ ਬੇਹੱਦ ਪਿਆਰ ਕਰਦੀ ਅਤੇ ਉਸ ਨਾਲ ਘਰ ਬਣਾ ਕੇ ਰਹਿਣ ਲੱਗਦੀ ਹੈ। ਜਦੋਂ ਬਿਰਤਾਂਤਕਾਰ ਦੋਵਾਂ ਸਹੇਲੀਆਂ ਦੀ ਆਪਸੀ ਬੇਮੁਹਾਰ ਖਿੱਚ ਅਤੇ ਪਤੀ-ਪਤਨੀ ਵਰਗਾ ਲੜਾਈ-ਝਗੜਾ ਦੇਖਦੀ ਤਾਂ ਉਸਦੇ ਮਨ ਵਿੱਚ ਕਈ ਸਵਾਲ ਉਤਪੰਨ ਹੁੰਦੇ। ਬਿਰਤਾਂਤਕਾਰ ਅਨੁਸਾਰ :

> ...ਕਈ ਵਾਰ ਮੇਰਾ ਜੀਅ ਕਰਦਾ ਕਿ ਸੈਂਡੀ ਨੂੰ ਆਖਾਂ ਕਿ ਔਰਤ ਮਰਦ ਦੇ ਰਿਸ਼ਤੇ ਵਰਗੀ ਕੋਈ ਹੁਸੀਨ ਚੀਜ਼ ਨਹੀਂ ਦੁਨੀਆਂ 'ਤੇ ...ਜਿਸ ਰਿਸ਼ਤੇ ਵਿੱਚੋਂ ਖ਼ੂਬਸੂਰਤ ਜ਼ਿੰਦਗੀ ਦਾ ਜਨਮ ਹੁੰਦਾ ਹੈ ...ਤੇ ਫਿਰ ਜੇ ਰੱਬ ਨੇ ਇਉਂ

> ਹੀ ਰਿਸ਼ਤੇ ਘੜਨੇ ਹੁੰਦੇ ਤਾਂ ਉਹਨੂੰ ਕੀ ਬਿਪਤਾ ਪਈ ਸੀ ਦੋ ਤਰ੍ਹਾਂ ਦੇ ਜਿਸਮ ਘੜਨ ਦੀ ...ਪਰ ਮੈਂ ਕਦੀ ਵੀਂ ਸੈਂਡੀ ਨੂੰ ਇਹ ਕੁਝ ਨਾ ਆਖ ਸਕਦੀ।[29]

ਬਿਰਤਾਂਤਕਾਰ ਆਪਣੇ ਪੂਰਬੀ ਸਭਿਆਚਾਰਕ ਪਿਛੋਕੜ ਅਤੇ ਪਿੱਤਰੀ ਧਾਰਮਿਕ ਸੋਚ ਰਾਹੀਂ ਸੈਂਡੀ ਅਤੇ ਉਸਦੀ ਸਹੇਲੀ ਦੇ ਲੈਸਬੀਅਨ ਸੰਬੰਧਾਂ ਨੂੰ ਦੇਖ-ਪਰਖ ਰਹੀ ਹੈ। ਸੈਂਡੀ ਨੂੰ ਮਰਦ ਨਾਲੋਂ ਔਰਤ ਨਾਲ ਰਿਸ਼ਤਾ ਜ਼ਿਆਦਾ ਸਹਿਜ, ਸੁਖਾਵਾਂ ਅਤੇ ਅਪਣੱਤ ਵਾਲਾ ਲੱਗਦਾ ਹੈ। ਮਰਦ ਦੀ ਪਿੱਤਰੀ ਮਾਨਸਿਕਤਾ ਅਤੇ ਦੋਗਲਾ ਵਿਵਹਾਰ ਉਸ ਲਈ ਅਥਾਹ ਪੀੜਾ ਦਾ ਕਾਰਣ ਬਣਦਾ ਹੈ ਜੋ ਸੈਂਡੀ ਨੂੰ ਇੱਕ ਔਰਤ ਨਾਲ ਆਪਣੀ ਭਾਵੁਕ ਸਾਂਝ ਸਥਾਪਿਤ ਕਰਨ ਵੱਲ ਉਤੇਜਿਤ ਕਰਦਾ ਹੈ। ਆਪਣੀ ਆਜ਼ਾਦੀ ਲਈ ਸੈਂਡੀ ਪਿੱਤਰਸੱਤਾ ਦੁਆਰਾ ਸਿਰਜਤ ਪ੍ਰਵਚਨਾਂ, ਸਮਾਜਿਕ ਬੰਧਨਾਂ ਅਤੇ ਸਭਿਆਚਾਰਕ ਰਿਸ਼ਤਿਆਂ ਦੀਆਂ ਸੀਮਾਵਾਂ ਨੂੰ ਤੋੜਦੀ ਹੋਈ ਆਪਣੀ ਸਹੇਲੀ ਨਾਲ ਬਰਾਬਰੀ ਵਾਲਾ ਨਵਾਂ ਰਿਸ਼ਤਾ ਸੁਰਜੀਤ ਕਰਦੀ ਹੈ। ਸੈਂਡੀ ਆਪਣੀ ਸਹੇਲੀ ਨਾਲ ਜਿਸ ਭਾਵਨਾਤਮਕ ਸਾਂਝ ਦਾ ਅਹਿਸਾਸ ਮਾਣ ਰਹੀ ਹੈ, ਉਹ ਬਿਰਤਾਂਤਕਾਰ ਅਤੇ ਉਸਦੇ ਨਾਲ ਫੈਕਟਰੀ ਵਿੱਚ ਕੰਮ ਕਰਦੇ ਮਰਦਾਂ ਦੀ ਸਮਝ ਤੋਂ ਬਾਹਰ ਹੈ। ਮਰਦ ਪਾਤਰ ਆਪਣੀ ਪਿੱਤਰੀ ਸੋਚ ਕਾਰਨ ਲੈਸਬੀਅਨ ਸੰਬੰਧਾਂ ਨੂੰ ਸਭਿਆਚਾਰਕ ਸੰਦਰਭ ਵਿੱਚ ਘਟਾ ਕੇ ਦੇਖਦੇ ਹੋਏ ਆਪਣੇ ਸੰਕੁਚਿਤ ਨਜ਼ਰੀਏ ਤੋਂ ਲੈਸਬੀਅਨ ਔਰਤਾਂ ਬਾਰੇ ਨਕਾਰਾਤਮਕ ਪ੍ਰਵਚਨ ਸਿਰਜਦੇ ਹਨ:

> "ਤੈਨੂੰ ਪਤਾ ਨਹੀਂ ਕਿ ਇਨ੍ਹਾਂ ਔਰਤਾਂ ਵਿੱਚ ਆਮ ਕੁੜੀਆਂ ਵਾਲਾ ਨਖਰਾ ਨਈਂ ਹੁੰਦਾ ...ਇਨ੍ਹਾਂ ਦੀ ਤੋਰ ਵਿੱਚ ਮੜ੍ਹਕ ਨੀ ਹੁੰਦੀ ...।"
>
> ... ਤੁਰੀ ਜਾਂਦੀ ਔਰਤ ਨੂੰ ਪਿਛਿਉ ਦੇਖ ਕੇ ਦੱਸਿਆ ਜਾ ਸਕਦੈ ਕਿ ਉਹ ਲੈਜਬੀਅਨ ਹੈ ਜਾਂ ਨਹੀਂ...[30]

ਕਹਾਣੀਕਾਰ ਮਰਦ ਪਾਤਰਾਂ ਦੀ ਉਪਰੋਕਤ ਸੋਚ ਰਾਹੀਂ ਇਸ ਗੱਲ ਉੱਤੇ ਧਿਆਨ ਦਿਵਾਉਣਾ ਚਾਹੁੰਦੀ ਹੈ ਕਿ ਭਾਵੇਂ ਪੂਰਬੀ ਸਮਾਜ-ਸਭਿਆਚਾਰ ਵਿੱਚ ਕੱਟੜ ਧਾਰਮਿਕ ਦ੍ਰਿਸ਼ਟੀਕੋਣ ਰਾਹੀਂ ਲੈਸਬੀਅਨ ਸੰਬੰਧਾਂ ਨੂੰ ਗ਼ੈਰ-ਪ੍ਰਾਕ੍ਰਿਤਕ ਅਤੇ ਗ਼ੈਰ-ਸਭਿਆਚਾਰਕ ਮੰਨ ਕੇ ਇਹਨਾਂ ਦੀ ਵਿਰੋਧਤਾ ਕੀਤੀ ਜਾਂਦੀ ਹੈ, ਪ੍ਰੰਤੂ ਦੂਜੇ ਪਾਸੇ ਪੱਛਮੀ ਦੇਸ਼ਾਂ ਵਿੱਚ ਵੀ ਬਹੁਤ ਸਾਰੇ ਅਜਿਹੇ ਲੋਕ ਮੌਜੂਦ ਹਨ ਜਿਹੜੇ ਪਿੱਤਰੀ ਸੋਚ ਕਾਰਨ ਲੈਸਬੀਅਨ ਰਿਸ਼ਤੇ ਨੂੰ ਸਾਂਸਕ੍ਰਿਤਕ ਪ੍ਰਸੰਗ ਵਿੱਚ ਘਟਾ ਕੇ ਦੇਖਦੇ ਹਨ। ਬੇਸ਼ੱਕ ਉੱਥੇ ਵਧੇਰੇ ਕਾਨੂੰਨੀ ਖੁੱਲ੍ਹ ਕਾਰਨ ਹੁਣ ਸਮਲਿੰਗਕ ਰਿਸ਼ਤੇ ਆਪਣੀ ਅਸਤਿਤਵੀ ਆਜ਼ਾਦੀ ਨੂੰ ਮਾਣ ਰਹੇ ਹਨ ਪ੍ਰੰਤੂ ਫਿਰ ਵੀ ਕੁਝ ਲੋਕ ਇਹਨਾਂ ਲੋਕਾਂ ਤੋਂ ਦੂਰੀ ਬਣਾ ਕੇ ਰੱਖਦੇ ਹਨ। ਬਿਰਤਾਂਤਕਾਰ ਵੀ ਪਹਿਲਾਂ ਭਾਵੇਂ ਪੂਰਬੀ ਸਭਿਆਚਾਰਕ ਮੁੱਲਾਂ

ਅਨੁਸਾਰ ਸੈਂਡੀ ਦੇ ਲੈਸਬੀਅਨ ਰਿਸ਼ਤੇ ਨੂੰ ਦਿਲੋਂ ਸਵੀਕਾਰਨ ਤੋਂ ਇਨਕਾਰੀ ਹੁੰਦੀ ਹੈ ਪ੍ਰੰਤੂ ਹੌਲੀ-ਹੌਲੀ ਸੈਂਡੀ ਅਤੇ ਉਸਦੀ ਸਹੇਲੀ ਦੀ ਆਪਸੀ ਖਿੱਚ ਅਤੇ ਅਸੀਮ ਮੁਹੱਬਤ ਬਿਰਤਾਂਤਕਾਰ ਨੂੰ ਅਜਿਹੇ ਰਿਸ਼ਤਿਆਂ ਪ੍ਰਤੀ ਸੰਵੇਦਨਸ਼ੀਲਤਾ ਨਾਲ ਸੋਚਣ ਲਈ ਮਜ਼ਬੂਰ ਕਰ ਦਿੰਦੀ ਹੈ:

> ਇਸ਼ਕ ਤਾਂ ਇਸ਼ਕ ਹੈ ...ਮੋਹ ਤਾਂ ਮੋਹ ਹੈ ...ਮੁਹੱਬਤ ਤਾਂ ਮੁਹੱਬਤ ਹੀ ਹੈ
> ...ਭਾਵੇਂ ਕਿਸੇ ਵੀ ਰੂਪ ਵਿੱਚ ਹੋਵੇ ...ਚਾਹੇ ਕਿਸੇ ਵੀ ਰੰਗ ਵਿੱਚ...।[31]

ਕਹਾਣੀ ਦੇ ਅੰਤ ਵਿੱਚ ਬਿਰਤਾਂਤਕਾਰ ਦੁਆਰਾ ਕੀਤੀ ਉਪਰੋਕਤ ਟਿੱਪਣੀ ਦੂਸਰੇ ਮਾਨਵੀ ਰਿਸ਼ਤਿਆਂ ਦੀ ਤਰ੍ਹਾਂ ਲੈਸਬੀਅਨ ਰਿਸ਼ਤਿਆਂ ਨੂੰ ਵੀ ਸਮਾਜ-ਸਭਿਆਚਾਰਕ ਪੱਖੋਂ ਇੱਜ਼ਤ, ਮਾਨ-ਸਨਮਾਨ ਅਤੇ ਪ੍ਰਵਾਨਗੀ ਦਿਵਾਉਣ ਦੇ ਹੱਕ ਵਿੱਚ ਭੁਗਤਦੀ ਹੋਈ ਇਹਨਾਂ ਸੰਬੰਧਾਂ ਪ੍ਰਤੀ ਮਾਨਵੀ ਦ੍ਰਿਸ਼ਟੀਕੋਣ ਅਪਣਾਉਣ ਦਾ ਸੁਨੇਹਾ ਦਿੰਦੀ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪ੍ਰਵੇਜ਼ ਸੰਧੂ ਦੀ ਉਪਰੋਕਤ ਕਹਾਣੀ ਜਿੱਥੇ ਪੂਰਬੀ ਅਤੇ ਪੱਛਮੀ ਸਮਾਜ ਵਿੱਚ ਲੈਸਬੀਅਨ ਸੰਬੰਧਾਂ ਦੇ ਸਭਿਆਚਾਰਕ ਸੰਕਟ ਨੂੰ ਰੂਪਮਾਨ ਕਰਦੀ ਹੈ, ਉੱਥੇ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਇਹ ਕਹਾਣੀ ਲੈਸਬੀਅਨ ਰਿਸ਼ਤੇ ਪ੍ਰਤੀ ਸਮਾਜ ਦੇ ਪਿੱਤਰਸੱਤਾਤਮਕ ਰਵੱਈਏ ਨੂੰ ਬਦਲਣ ਅਤੇ ਸਮਾਜ-ਸਭਿਆਚਾਰਕ ਪੱਧਰ ’ਤੇ ਇਹਨਾਂ ਸੰਬੰਧਾਂ ਪ੍ਰਤੀ ਸੰਵੇਦਨਸ਼ੀਲ ਦ੍ਰਿਸ਼ਟੀ ਅਪਣਾਉਣ ਦਾ ਸੁਨੇਹਾ ਦਿੰਦੀ ਹੈ।

**ਨਾਰੀ ਦੇਹ ਅਤੇ ਮਰਦ ਦੀ ਪਿੱਤਰੀ ਮਾਨਸਿਕਤਾ**

ਪਿੱਤਰਕੀ ਪ੍ਰਬੰਧ ਵਿੱਚ ਨਾਰੀ ਨੂੰ ਕਦੇ ਵੀ 'ਮਾਨਵ ਸ਼੍ਰੇਣੀ' ਵਿੱਚ ਰੱਖ ਕੇ ਨਹੀਂ ਵਿਚਾਰਿਆ ਗਿਆ। ਨਾਰੀ ਨੂੰ ਮਾਤਰ ਉਸਦੀ ਦੇਹ ਨਾਲ ਜੋੜ ਕੇ ਹੀ ਦੇਖਿਆ ਜਾਂਦਾ ਹੈ। ਦੇਹ ਤੋਂ ਪਾਰ ਉਸਦੀ ਅਸਤਿਤਵੀ ਹੋਂਦ ਨੂੰ ਹਮੇਸ਼ਾ ਨਕਾਰਿਆ ਗਿਆ ਹੈ। ਉਸਦੀ ਆਪਣੀ ਹੋਂਦ ਕੀ ਹੈ? ਸਮਾਜ-ਸਭਿਆਚਾਰਕ ਸੰਦਰਭ ਵਿੱਚ ਉਸਦੀ ਹੋਂਦ ਦੇ ਕੀ ਅਰਥ ਹਨ? ਇਸਨੂੰ ਹਮੇਸ਼ਾ ਪਿੱਤਰਸੱਤਾ ਦੁਆਰਾ ਨਿਰਧਾਰਿਤ ਕੀਤਾ ਜਾਂਦਾ ਰਿਹਾ ਹੈ। ਪਿੱਤਰਸੱਤਾ ਕਿਉਂਕਿ ਮਰਦ ਪੱਖੀ ਅਤੇ ਨਾਰੀ ਵਿਰੋਧੀ ਹੈ ਇਸ ਲਈ ਨਾਰੀ, ਨਾਰੀ-ਹੋਂਦ ਅਤੇ ਨਾਰੀ ਹੋਣ ਦੇ ਅਰਥ ਨੂੰ ਹੁਣ ਤੱਕ ਮਰਦ ਲਈ ਅਤੇ ਮਰਦ ਦੇ ਦ੍ਰਿਸ਼ਟੀਕੋਣ ਤੋਂ ਹੀ ਪਰਿਭਾਸ਼ਤ ਕੀਤਾ ਜਾਂਦਾ ਰਿਹਾ ਹੈ। ਕਿਉਂਕਿ ਕੋਈ 'ਦੂਸਰਾ' ਯਾਨੀਕਿ ਪੁਰਸ਼ ਜਾਤੀ ਉਸਦੀ ਹੋਂਦ ਨਿਰਧਾਰਿਤ ਕਰਦੀ ਹੈ ਇਸ ਲਈ ਨਾਰੀ ਦੀ ਹੋਂਦ ਦਾ ਵਸਤੂਕਰਣ ਹੋ ਜਾਂਦਾ ਹੈ। ਪਿੱਤਰੀ ਪ੍ਰਬੰਧ ਵਿੱਚ ਮਰਦ ਨੂੰ ਉਸਦੇ ਮਰਦਾਊਪੁਣੇ ਦੇ ਪ੍ਰਸੰਗ ਵਿੱਚ ਪਰਿਭਾਸ਼ਤ ਕੀਤਾ ਜਾਂਦਾ ਹੈ ਜਦੋਂ ਕਿ ਔਰਤ/ਨਾਰੀ ਨੂੰ ਉਸਦੇ ਨਾਰੀਤਵ ਨਾਲ ਜੋੜ ਕੇ ਦੇਖਣ ਦੀ ਬਜਾਇ ਉਸ ਦੇ ਦੇਹਿਕ ਰੂਪ ਨੂੰ ਉਭਾਰਿਆ ਜਾਂਦਾ ਹੈ। ਇਸ ਲਈ ਪਿੱਤਰ ਸੱਤਾ

ਦੁਆਰਾ ਸੰਰਚਿਤ ਮਰਦ ਦੀ ਪੈਤਰਿਕ ਮਾਨਸਿਕਤਾ ਲਈ ਨਾਰੀ ਦੇਹ ਮਹਿਜ ਇੱਕ ਭੋਗਣਯੋਗ ਵਸਤੂ ਵਿੱਚ ਤਬਦੀਲ ਹੋ ਜਾਂਦੀ ਹੈ। ਨਾਰੀ ਨੂੰ ਸਿਰਫ਼ ਦੇਹ ਰੂਪ ਵਿੱਚ ਦੇਖਣ ਵਾਲਾ ਮਰਦ ਦ੍ਰਿਸ਼ਟੀਕੋਣ ਨਾ ਤਾਂ ਨਾਰੀ ਦੇਹ ਤੋਂ ਪਾਰ ਜਾ ਕੇ ਨਾਰੀ ਦੀ ਪ੍ਰਮਾਣਿਕ ਹੋਂਦ ਬਾਰੇ ਸੋਚ ਸਕਦਾ ਹੈ ਅਤੇ ਨਾ ਹੀ ਸਮਝ ਸਕਦਾ ਹੈ। ਨਾਰੀ ਜਿਸਮ ਹੀ ਉਹਨਾਂ ਲਈ ਆਪਣੀ ਕਾਮਨਾ ਪੂਰਤੀ ਦਾ ਅੰਤਿਮ ਦਿਸਹੱਦਾ ਹੈ ਜਿਸ ਤੋਂ ਅੱਗੇ ਉਨ੍ਹਾਂ ਦੀ ਨਜ਼ਰ ਕਾਰਗਰ ਸਿੱਧ ਨਹੀਂ ਹੁੰਦੀ। ਨਾਰੀਵਾਦ ਨਾ ਕੇਵਲ ਮਰਦ ਦੀ ਔਰਤ ਨੂੰ ਮਹਿਜ ਦੇਹ ਸਮਝਣ ਵਾਲੀ ਪਿੱਤਰੀ ਮਾਨਸਿਕਤਾ ਦਾ ਵਿਰੋਧ ਕਰਦਾ ਹੈ ਬਲਕਿ ਨਾਰੀ ਦੇ 'ਮਾਨਵ' ਰੂਪ ਵਿੱਚ ਸਵੀਕਾਰੇ ਜਾਣ ਲਈ ਸੰਘਰਸ਼ੀਲ ਹੈ।

ਰਾਣੀ ਨਗਿੰਦਰ ਦੁਆਰਾ ਰਚਿਤ 'ਸਵਾਮੀ ਜੀ', 'ਵੀਨਸ' ਅਤੇ 'ਜਿਸਮਖੋਰ' ਕਹਾਣੀਆਂ ਨਾਰੀ ਨੂੰ ਕੇਵਲ ਦੇਹ ਤੱਕ ਘਟਾ ਕੇ ਦੇਖਣ ਵਾਲੀ ਮਰਦ ਦੀ ਪੈਤਰਿਕ ਮਾਨਸਿਕਤਾ ਨੂੰ ਅਗਰਭੂਮਿਤ ਕਰਦੀਆਂ ਹਨ। 'ਸਵਾਮੀ ਜੀ' ਕਹਾਣੀ ਅਮਰੀਕਾ ਵਿੱਚ ਰਹਿ ਰਹੇ ਇੱਕ ਦੰਪਤੀ ਜੋੜੇ ਪੀਊਸ਼ ਅਤੇ ਕਮਲ ਦੇ ਜੀਵਨ ਵਿੱਚ ਪੈਦਾ ਹੋਈਆਂ ਜਟਿਲ ਪ੍ਰਸਥਿਤੀਆਂ ਦੁਆਲੇ ਘੁੰਮਦੀ ਹੈ। ਬਿਰਤਾਂਤਿਕ ਵੇਰਵਿਆਂ ਅਨੁਸਾਰ ਕਾਰੋਬਾਰ ਵਿੱਚ ਪਏ ਘਾਟੇ ਕਾਰਨ ਮਾਨਸਿਕ ਤੌਰ ਤੇ ਟੁੱਟ ਚੁੱਕਿਆ ਪਾਤਰ ਕਮਲ ਨਿਰਾਸ਼ਾ ਅਤੇ ਉਦਾਸੀ ਦੀ ਲੰਮੀ ਬਿਮਾਰੀ ਨਾਲ ਜੂਝ ਰਿਹਾ ਹੈ। ਬਿਮਾਰੀ ਕਾਰਨ ਜਿੱਥੇ ਕਮਲ ਦਾ ਸੁਭਾਅ ਚਿੜਚਿੜਾ ਅਤੇ ਗੁੱਸੇਖ਼ੋਰ ਹੋ ਜਾਂਦਾ ਹੈ, ਉੱਥੇ ਉਸਦਾ ਆਪਣੀ ਪਤਨੀ ਪੀਊਸ਼ ਪ੍ਰਤੀ ਰਵੱਈਆ ਵੀ ਕਰੁੱਖ਼ਤ ਅਤੇ ਸਖ਼ਤ ਹੋ ਜਾਂਦਾ ਹੈ। ਕਮਲ ਦੀ ਬਿਮਾਰੀ ਕਾਰਨ ਮਾਂ ਬਣਨ ਦੇ ਸੁੱਖ ਤੋਂ ਵਾਂਝੀ ਪੀਊਸ਼ ਸਰੀਰਕ ਤੇ ਮਾਨਸਿਕ ਰੂਪ ਵਿੱਚ ਦੋਹਰੀ ਪ੍ਰੇਸ਼ਾਨੀ ਝੱਲਦੀ ਹੋਈ ਆਪਣੇ ਆਪ ਨੂੰ ਕਮਜ਼ੋਰ ਅਤੇ ਹੀਣਾ ਮਹਿਸੂਸ ਕਰਦੀ ਹੈ। ਜੀਵਨ ਦੀਆਂ ਘੁੰਮਣਘੇਰੀਆਂ ਵਿੱਚ ਘਿਰੀ ਪੀਊਸ਼ ਨੂੰ ਅਜਿਹੇ ਸਮੇਂ ਉਸਦੀ ਇੰਡਿਅਨ ਸਹੇਲੀ ਸਵੀਰਾ ਇੱਕ ਚੱਕਰਾਧਾਰੀ ਸਵਾਮੀ ਦੀ ਮਹਿਮਾ ਬਾਰੇ ਦੱਸਦੀ ਹੈ ਜਿਹੜਾ ਇੰਡਿਆ ਤੋਂ ਨਿਊਯਾਰਕ ਆ ਰਿਹਾ ਹੈ। ਆਪਣੀ ਸਹੇਲੀ ਦੇ ਕਹਿਣ 'ਤੇ ਪਾਤਰ ਪੀਊਸ਼ ਸਵਾਮੀ ਨੂੰ ਆਪਣੇ ਘਰ ਠਹਿਰਾਉਂਦੀ ਹੈ ਤਾਂ ਜੋ ਸਵਾਮੀ ਦੀ ਕਿਰਪਾ ਪ੍ਰਾਪਤ ਕਰਕੇ ਉਹ ਔਲਾਦ ਦਾ ਵਰ ਪ੍ਰਾਪਤ ਕਰ ਸਕੇ। ਪਰ ਪੀਊਸ਼ ਦਾ ਵਹਿਮ-ਭਰਮ ਉਸ ਸਮੇਂ ਟੁੱਟ ਜਾਂਦਾ ਹੈ ਜਦੋਂ ਉਹ ਚੱਕਰਾਧਾਰੀ ਸੁਆਮੀ ਅੰਦਰਲੇ ਕਾਮੀ ਮਰਦ ਦੀ ਅਸਲੀਅਤ ਤੋਂ ਵਾਕਫ਼ ਹੁੰਦੀ ਹੈ। ਸੁਆਮੀ ਪੀਊਸ਼ ਅੰਦਰਲੀ ਬੱਚਾ ਪ੍ਰਾਪਤੀ ਦੀ ਚਾਹਤ ਨੂੰ ਹੋਰ ਉਤੇਜਿਤ ਕਰਦਾ ਹੋਇਆ ਪੀਊਸ਼ ਨੂੰ ਆਪਣੇ ਵੱਸ ਕਰਨ ਦੀ ਕੋਸ਼ਿਸ਼ ਕਰਦਾ ਹੈ :

"ਡਾਕਟਰਾਂ ਕੋਲੋ ਜਾਂਚ ਕਰਵਾਈ?"

"...ਕਹਿੰਦੇ ਨੇ ਸਭ ਠੀਕ-ਠਾਕ ਏ।"

"ਹੂੰ ਬਸ ਏਥੇ ਹੀ ਤੇ ਵਿਗਿਆਨ ਨੇ ਮਾਤ ਖਾ ਲਈ। ਕਮਲ ਤੇ ਇਕ ਪ੍ਰੇਤ-ਛਾਇਆ ਨਾਲ ਘਿਰਿਆ ਏ ਇਸ ਬਿਮਾਰੀ ਤੋਂ, ਤੇ ਰੱਬ ਨੇ ਚਾਹਿਆ, ਉਭਰ ਆਏਗਾ,ਪਰ ਤੈਨੂੰ ਬੱਚਾ ਨਹੀਂ ਦੇ ਸਕੇਗਾ।"

"ਕੋਈ ਤੇ ਉਪਾਅ ਹੋਵੇਗਾ?"

"ਬੱਚੇ ਲਈ ਤੈਨੂੰ ਕਿਸੇ ਦੂਜੇ ਆਦਮੀ ਨਾਲ ..."[32]

ਇੱਥੇ ਧਾਰਮਿਕ ਲਿਬਾਸ ਪਿੱਛੇ ਲੁਕਿਆ ਹੋਇਆ ਸਵਾਮੀ ਦਾ ਭੋਗ ਵਿਲਾਸੀ ਵਾਲਾ ਦੋਗਲਾ ਚਰਿੱਤਰ ਜਾਹਰ ਹੋ ਰਿਹਾ ਹੈ। ਉਹ ਇੱਕ ਪਾਸੇ ਧਰਮ ਦੇ ਹਵਾਲੇ ਨਾਲ ਅਧਿਆਤਮ ਦੀ ਗੱਲ ਕਰਦਾ ਹੋਇਆ ਦੇਹੀ ਆਨੰਦ ਤੋਂ ਪ੍ਰਾਪਤ ਸੁਖ ਨੂੰ ਮਹਿਜ ਛਲਾਵਾ ਮੰਨਦਾ ਹੈ, ਅਜਿਹੀਆਂ ਇੱਛਾਵਾਂ ਨੂੰ ਅਧਿਆਤਮ ਦੇ ਰਸਤੇ ਵਿੱਚ ਰੁਕਾਵਟ ਮੰਨਦਾ ਹੈ ਅਤੇ ਦੂਜੇ ਪਾਸੇ ਖ਼ੁਦ ਦੇਹੀ ਭੁੱਖ ਵਿੱਚ ਗਲਤਾਨ ਹੋਇਆ ਨਜ਼ਰ ਆਉਂਦਾ ਹੈ। ਉਹ ਪੀਊਸ਼ ਦੀ ਮਨੋਸਥਿਤੀ ਤੋਂ ਭਲੀ-ਭਾਂਤ ਜਾਣੂ ਹੈ ਜਿਸਦੇ ਜੀਵਨ ਵਿੱਚ ਪਤੀ ਦੀ ਲੰਮੀ ਬਿਮਾਰੀ ਕਾਰਨ ਨਿਰਾਸ਼ਤਾ ਭਰੀ ਪਈ ਹੈ। ਸਵਾਮੀ ਦੀ ਮਨਸ਼ਾ ਪੀਊਸ਼ ਨੂੰ ਨਿੱਜੀ ਗ਼ਮ ਵਿੱਚੋਂ ਉਭਾਰਨਾ ਨਹੀਂ ਬਲਕਿ ਖ਼ੁਦ ਦੇਹੀ ਆਨੰਦ ਲਈ ਉਸਨੂੰ ਆਪਣੀ ਹਵਸ ਪੂਰਤੀ ਦਾ ਮਾਧਿਅਮ ਬਣਾਉਣਾ ਹੈ। ਉਹ ਇੱਕ ਮਰਦ ਵਜੋਂ ਇੱਕ ਲਾਚਾਰ, ਬੇਬਸ ਔਰਤ ਦੇ ਪਤੀ ਦੀ ਬਿਮਾਰੀ ਨੂੰ ਉਸਦੀ ਨਿਪੁੰਸਕਤਾ ਨਾਲ ਜੋੜ ਕੇ ਉਸਦੇ ਮਨ ਵਿੱਚ ਡਰ ਪੈਦਾ ਕਰਦਾ ਹੋਇਆ ਆਪਣੇ ਸਹਮਣੇ ਖੜੇ ਮਰਦ ਨੂੰ ਅੰਗੀਕਾਰ ਕਰਨ ਲਈ ਉਤਸ਼ਾਹਿਤ ਕਰ ਰਿਹਾ ਹੈ। ਕਹਾਣੀਕਾਰ ਏਥੇ ਚੱਕਰਾਧਾਰੀ ਸੁਆਮੀ ਦੇ ਕਿਰਦਾਰ ਰਾਹੀਂ ਧਾਰਮਿਕ ਆਗੂਆਂ ਦੇ ਦੰਭ ਅਤੇ ਪਾਖੰਡ ਨੂੰ ਉਘਾੜ ਰਹੀ ਹੈ ਜਿਹੜੇ ਆਪ ਹੀ ਔਰਤ ਦੀ ਦੇਹ ਸੁੱਚਤਾ ਦਾ ਪ੍ਰਵਚਨ ਸਿਰਜਦੇ ਹੋਏ ਉਸਨੂੰ ਨੈਤਿਕਤਾ ਦਾ ਪਾਠ ਪੜ੍ਹਾਉਂਦੇ ਹਨ ਤੇ ਦੂਜੇ ਪਾਸੇ ਉਸਨੂੰ ਸਦਾਚਾਰਕ ਮੁੱਲਾਂ ਨੂੰ ਤੋੜਨ ਲਈ ਉਕਸਾਉਂਦੇ ਹਨ। ਕਹਾਣੀ ਵਿੱਚ ਉਸ ਸਮੇਂ ਨਵਾਂ ਮੋੜ ਆਉਂਦਾ ਹੈ ਜਦੋਂ ਪਾਤਰ ਪੀਊਸ਼ ਸਵਾਮੀ ਦੀ ਗੰਧਲੀ ਮਾਨਸਿਕਤਾ ਨੂੰ ਪਛਾਣਦੀ ਹੋਈ ਸਵਾਮੀ ਦੇ ਪ੍ਰਸਤਾਵ ਨੂੰ ਠੁਕਰਾ ਦਿੰਦੀ ਹੈ ਅਤੇ ਉਸਨੂੰ ਮੂੰਹ ਤੋੜਵਾਂ ਜਵਾਬ ਦਿੰਦੀ ਹੈ:

"ਸਵਾਮੀ ਜੀ ਉਹ ਦਿਨ ਕਦੇ ਨਹੀਂ ਆਵੇਗਾ। ਮੈਨੂੰ ਬੱਚਾ ਨਹੀਂ ਕਮਲ ਚਾਹੀਦਾ ਹੈ।"[33]

ਪਾਤਰ ਪੀਊਸ਼ ਇਕ ਚੇਤਨਸ਼ੀਲ ਨਾਰੀ ਦਾ ਬਿੰਬ ਹੈ ਜਿਹੜੀ ਮਰਦ ਦੀ ਨੀਅਤ ਅਤੇ ਨੀਤੀ ਨੂੰ ਪਛਾਣਦੀ ਹੈ। ਪੀਊਸ਼ ਦੇ ਮਨ ਵਿੱਚ ਔਲਾਦ ਦੀ ਇੱਛਾ ਭਾਵੇਂ ਪ੍ਰਬਲ ਰੂਪ ਵਿੱਚ ਭਾਰੂ ਹੈ ਪ੍ਰੰਤੂ ਆਪਣੀ ਇਸ ਚਾਹਤ ਦੇ ਬਦਲੇ ਉਹ ਆਪਣੀ ਦੇਹ ਨੂੰ ਕਿਸੇ ਮਰਦ ਦੇ ਸੁਆਦ ਦਾ ਖਾਜਾ ਨਹੀਂ ਬਣਨ ਦੇਣਾ ਚਾਹੁੰਦੀ। ਉਹ ਵਿਗਿਆਨਕ ਸੋਚ ਦੇ ਧਾਰਨੀ ਦੇਸ਼ ਦੀ ਵਸਨੀਕ ਇਕ ਚੇਤੰਨ ਬੁੱਧ ਨਾਰੀ ਹੈ ਜਿਹੜੀ ਧਾਰਮਿਕ ਆਡੰਬਰਾਂ

ਅਤੇ ਵਹਿਮਾਂ-ਭਰਮਾਂ ਨੂੰ ਆਪਣੀ ਤਾਰਕਿਕ ਦ੍ਰਿਸ਼ਟੀ ਨਾਲ ਰੱਦਦੀ ਹੈ। ਇੱਥੇ ਪਾਤਰ ਪੀਊਸ਼ ਦੀ ਇਕ ਪਤਨੀ ਵਜੋਂ ਪ੍ਰਤੀਬੱਧਤਾ ਅਤੇ ਸੁਹਿਰਦਤਾ ਵੀ ਨਜ਼ਰ ਆਉਂਦੀ ਹੈ। ਪਤੀ ਦੀ ਬਿਮਾਰੀ ਅਤੇ ਲਾਚਾਰੀ ਦੀ ਸਥਿਤੀ ਵਿੱਚ ਉਸਦਾ ਸਹਾਰਾ ਬਣਨਾ ਉਸਦੀ ਮਾਨਵਵਾਦੀ ਸੋਚ ਨੂੰ ਦਰਸਾਉਂਦਾ ਹੈ।

ਕਹਾਣੀ 'ਵੀਨੱਸ' ਵਿਚਲਾ ਕਥਾ ਬਿਰਤਾਂਤ ਵੀ ਮਰਦ ਦੀ ਔਰਤ ਨੂੰ ਭੋਗ ਦੀ ਵਸਤੂ ਵਜੋਂ ਘਟਾ ਕੇ ਦੇਖਣ ਵਾਲੀ ਪਿੱਤਰੀ ਮਾਨਸਿਕਤਾ ਨੂੰ ਉਘਾੜਦਾ ਹੈ। ਕਹਾਣੀ ਦਾ ਮੁੱਖ ਪਾਤਰ ਬਿਰਤਾਂਤਕਾਰ ਹੈ ਆਪਣੀ ਭਾਰਤੀ ਪੰਜਾਬੀ ਪਤਨੀ ਨਾਲ ਅਮਰੀਕਾ ਵਿੱਚ ਰਹਿ ਰਿਹਾ ਹੈ। ਉਸ ਅੰਦਰਲਾ ਕਾਮੀ ਮਨੁੱਖ ਉਸ ਸਮੇਂ ਉਤੇਜਿਤ ਹੋ ਜਾਂਦਾ ਹੈ ਜਦੋਂ ਉਹ ਆਪਣੇ ਘਰ ਕਿਰਾਏ ਉੱਤੇ ਰਹਿੰਦੇ ਬੰਬਈਆ ਆਗਾਖਾਨੀ ਖੋਜੀ ਦੀ ਪਤਨੀ ਦੇ ਸਡੌਲ ਜਿਸਮ ਨੂੰ ਦੇਖਦਾ ਹੈ। ਦੂਸਰੀ ਔਰਤ ਦੀ ਦੇਹ ਨੂੰ ਭੋਗਣ ਦੀ ਲਾਲਸਾ ਵਿੱਚ ਗ੍ਰਸਤ ਮੁੱਖ ਪਾਤਰ ਆਪਣੀ ਮਨੋਸਥਿਤੀ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ :

> ਮੇਰੀ ਬੀਵੀ ਹਸਪਤਾਲ ਗਈ ਹੋਈ ਸੀ। ਇਕਦਮ ਮੈਨੂੰ ਲੱਗਾ ਕਿ ਮੈਨੂੰ ਬੌਧਿਕ, ਪੜ੍ਹੀ-ਲਿਖੀ ਔਰਤ ਦੀ ਜਗ੍ਹਾ ਖੂੰਖਾਰ, ਕੱਦਾਵਰ, ਪਾਲਤੂ ਗੁਦ-ਗੁਦੇ ਤੇ ਮਾਂਸਲ ਔਰਤ ਦੀ ਜਰੂਰਤ ਏ।[34]

ਦਰਅਸਲ ਮਰਦ ਪਾਤਰ ਦੀ ਨਜ਼ਰ ਵਿੱਚ ਔਰਤ ਦਾ ਸਰੀਰ ਮਹਿਜ਼ ਇਕ ਭੋਗ ਦੀ ਵਸਤੂ ਹੋ ਨਿੱਬੜਦਾ ਹੈ ਜਦੋਂਕਿ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਦੇਖੀਏ ਤਾਂ ਔਰਤ ਕੇਵਲ ਦੇਹ ਹੀ ਨਹੀਂ ਹੈ। ਔਰਤ ਦੀ ਇਹ ਤ੍ਰਾਸਦੀ ਹੈ ਕਿ ਪਿੱਤਰਸੱਤਾ ਅਤੇ ਮਰਦਸੱਤਾ ਨੇ ਕਦੇ ਵੀ ਉਸ ਦੇ ਸੰਪੂਰਨ ਵਿਅਕਤਿਤਵ ਨੂੰ ਪਛਾਣਨ ਵਿੱਚ ਰੁਚੀ ਨਹੀਂ ਲਈ। ਕਦੇ ਪ੍ਰੰਪਰਕ ਧਾਰਮਿਕ ਦ੍ਰਿਸ਼ਟੀਕੋਣ ਔਰਤ ਨੂੰ ਇਕ ਆਕਰਸ਼ਣ ਪੈਦਾ ਕਰਨ ਵਾਲੀ ਸ਼ੈਅ ਸਮਝ ਕੇ ਉਸ ਕੋਲੋਂ ਦੂਰੀ ਬਣਾ ਕੇ ਰੱਖਣ ਦੀ ਹਦਾਇਤ ਦਿੰਦਾ ਹੈ ਅਤੇ ਦੂਜੇ ਪਾਸੇ ਪਿੱਤਰਸੱਤਾ ਦਾ ਪ੍ਰਮੁੱਖ ਪ੍ਰਵਕਤਾ ਮਨੂੰ ਔਰਤ ਨੂੰ ਮਰਦ ਦੀ ਸੇਵਾ ਲਈ (ਭੋਗ ਲਈ) ਬਣੀ ਵਸਤੂ ਗਰਦਾਨਦਾ ਹੋਇਆ ਉਸ ਦੇ ਵਿਅਕਤਿਤਵ ਦੇ ਹੋਰਨਾਂ ਗੁਣਾਂ ਨੂੰ ਦਬਾ ਦਿੰਦਾ ਹੈ। ਨਾਰੀਵਾਦੀ ਚਿੰਤਨ ਜਿੱਥੇ ਔਰਤ ਨੂੰ ਕੇਵਲ ਦੇਹ ਤੱਕ ਘਟਾ ਕੇ ਦੇਖਣ ਵਾਲੀ ਪਿੱਤਰਸੱਤਾ ਅਤੇ ਧਰਮਸੱਤਾ ਨੂੰ ਚੁਣੌਤੀ ਦਿੰਦਾ ਹੈ, ਉੱਥੇ ਔਰਤ ਨੂੰ 'ਮਾਨਵ' ਸਮਝਣ ਵਾਲੀ ਸੋਚ ਨੂੰ ਵਿਕਸਤ ਕਰਨ ਤੇ ਵੀ ਜ਼ੋਰ ਦਿੰਦਾ ਹੈ। ਹਿੰਦੀ ਦੀ ਚਿੰਤਕ ਮ੍ਰਿਦੁਲਾ ਸਿਨਹਾ ਲਿਖਦੀ ਹੈ :

> ਇਸਤਰੀ ਦੀਆਂ ਵਰਤਮਾਨ ਅਧਿਕ ਸਮੱਸਿਆਵਾਂ ਉਸਨੂੰ 'ਦੇਹ' ਸਮਝਣ ਕਾਰਨ ਹੀ ਹਨ। ਜੇਕਰ ਉਸਨੂੰ ਸਰੀਰ, ਮਨ, ਬੁੱਧੀ ਅਤੇ ਆਤਮਾ ਦਾ ਸਮੁੱਚ ਮੰਨਿਆ ਜਾਵੇ, ਧਾਰਣਾਵਾਂ ਬਦਲ ਜਾਣਗੀਆਂ। ...ਔਰਤ ਨੂੰ

ਮਾਤਰ ਦੇਹ ਮੰਨਣਾ, ਸਮਝਣਾ ਅਤੇ ਖ਼ੁਦ ਉਸ ਨੂੰ ਵੀ ਇਹ ਸਮਝਾਉਣਾ ਬਿਲਕੁਲ ਵੀ ਉਚਿਤ ਨਹੀਂ ਹੈ।[35]

ਜਦੋਂ ਕਿ ਕਹਾਣੀ ਵਿਚਲੇ ਮਕਾਨ ਮਾਲਕ ਦੀ ਸਮੁੱਚੀ ਚੇਤਨਾ ਕਿਰਾਏਦਾਰਨ ਦੀ ਦੇਹ ਉੱਪਰ ਹੀ ਸਿਮਟ ਕੇ ਰਹਿ ਜਾਂਦੀ ਹੈ। ਕਿਰਾਏਦਾਰਨ ਜਿਹੜੀ ਕਿ ਗਰਭਵਤੀ ਹੈ, ਦੇ ਸੁਗਠਿਤ ਸਰੀਰ ਦੀ ਛੁਹ ਪ੍ਰਾਪਤ ਕਰਨ ਲਈ ਲੁੱਛਦਾ ਮਕਾਨ ਮਾਲਕ ਮਨ ਹੀ ਮਨ ਕਈ ਤਰ੍ਹਾਂ ਦੀਆਂ ਸਕੀਮਾਂ ਘੜਦਾ ਹੈ। ਉਸਦੀ ਇਹ ਕੋਝੀ ਸਕੀਮ ਉਸ ਸਮੇਂ ਸਫਲ ਹੋ ਜਾਂਦੀ ਹੈ ਜਦੋਂ ਉਹ ਆਪਣੀ ਡਾਕਟਰ ਪਤਨੀ ਦੀ ਗ਼ੈਰਹਾਜ਼ਰੀ ਵਿੱਚ ਗਰਭਵਤੀ ਕਿਰਾਏਦਾਰਨ ਦਾ ਮੈਡੀਕਲ ਫਾਰਮ ਭਰਨ ਲਈ ਉਸਦੇ ਘਰ ਪਤਨੀ ਦੀ ਬਜਾਏ ਖ਼ੁਦ ਚਲਾ ਜਾਂਦਾ ਹੈ। ਕਿਰਾਏਦਾਰਨ ਜਿਹੜੀ ਸਿੱਦੀ-ਸਾਦੀ ਅਤੇ ਅਨਪੜ੍ਹ ਔਰਤ ਹੈ, ਆਪਣੇ ਮਕਾਨ ਮਾਲਕ ਹੱਥੋਂ ਗੁਮਰਾਹ ਹੋਈ ਆਪਣਾ ਸਰੀਰਕ ਮੁਆਇਨਾ ਕਰਾਉਣ ਲਈ ਤਿਆਰ ਹੋ ਜਾਂਦੀ ਹੈ :

"ਚਲੋ ਕੱਪੜੇ ਉਤਾਰੋ।" ...ਮੈਂ ਉਸਨੂੰ ਹੁਕਮ ਦਿੱਤਾ।

ਉਹ ਜ਼ਮੀਨ ਤੇ ਹੀ ਮੇਰੇ ਸਾਹਮਣੇ ਬਿਖਰ ਗਈ। ਉਸ ਦੇ ਜਿਸਮ 'ਚੋਂ ਸੋਂਧੀ-ਸੋਂਧੀ ਕੁਆਰੀ ਮਹਿਕ ਆ ਰਹੀ ਸੀ ...ਇਕ ਜਵਾਨ ਲਾਟੂ ਵਾਂਗ ਜਗਦਾ ਜਿਸਮ ਮੇਰੀ ਪਹੁੰਚ 'ਚ ਸੀ। ਆਪਣੇ ਹੱਥ ਨਾਲ, ਮੈਂ ਉਸਦੇ ਜਿਸਮ ਦੀ ਪਰਿਕਰਮਾ ਲਈ ਪੇਟ, ਉਭਾਰ, ਕਮਰ, ਇਕ ਜੰਗਲ, ਇਕ ਜਗਦਾ ਬੁਝਦਾ ਅਗਨੀ ਕੁੰਡ...।"[36]

ਕਿਰਾਏਦਾਰਨ ਔਰਤ ਪਾਤਰ ਅਗਿਆਨਤਾ ਕਾਰਨ ਮਰਦ ਹੱਥੋਂ ਦੋਹਰੇ-ਤੀਹਰੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੀ ਹੈ। ਅਨਪੜ੍ਹ ਹੋਣ ਕਾਰਨ ਉਹ ਨਾ ਤਾਂ ਮਕਾਨ ਮਾਲਕ ਅੰਦਰਲੀ ਜਿਨਸੀ ਹਵਸ ਨੂੰ ਪਛਾਣ ਸਕਦੀ ਹੈ ਅਤੇ ਨਾ ਹੀ ਆਪਣੇ ਘਰ ਇਕ ਡਾਕਟਰ ਦੀ ਹੈਸੀਅਤ ਵਜੋਂ ਮੁਆਇਨੇ ਕਰਨ ਆਏ ਮਕਾਨ ਮਾਲਕ ਦਾ ਵਿਰੋਧ ਕਰ ਸਕਦੀ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਮਕਾਨ ਮਾਲਕ ਕਿਰਾਏਦਾਰਨ ਦੀ ਮਜ਼ਬੂਰੀ ਦਾ ਫਾਇਦਾ ਉਠਾਉਂਦਾ ਹੋਇਆ ਉਸਦੇ ਜਿਸਮਾਨੀ ਅੰਗਾਂ ਨੂੰ ਛੂਹ ਕੇ ਆਪਣੀ ਸਰੀਰਕ ਅਤੇ ਮਾਨਸਿਕ ਤ੍ਰਿਪਤੀ ਕਰਦਾ ਹੋਇਆ ਨੈਤਿਕਤਾ ਦੀਆਂ ਸੀਮਾਵਾਂ ਨੂੰ ਉਲੰਘ ਜਾਂਦਾ ਹੈ ਪਰ ਕਿਰਾਏਦਾਰਨ ਨੂੰ ਆਪਣੇ ਨਾਲ ਵਾਪਰੇ ਅਮਾਨਵੀ ਕਾਰਜ ਦਾ ਪਤਾ ਤੱਕ ਨਹੀਂ ਚੱਲਦਾ। ਅਜਿਹੀ ਸਥਿਤੀ ਵਿੱਚ ਮਰਦ 'ਭੋਗੀ' ਬਣ ਜਾਂਦਾ ਹੈ ਅਤੇ ਨਾਰੀ ਦੇਹ ਉਸ ਲਈ 'ਭੋਗ ਦੀ ਵਸਤੂ' ਵਿੱਚ ਵੱਟ ਜਾਂਦੀ ਹੈ। ਮਕਾਨ ਮਾਲਕ ਜਦੋਂ ਇਸ ਸਾਰੇ ਘਟਨਾਕ੍ਰਮ ਬਾਰੇ ਆਪਣੀ ਪਤਨੀ ਨੂੰ ਦੱਸਦਾ ਹੈ ਤਾਂ ਉਹ ਨਾਰਾਜ਼ ਹੁੰਦੀ ਹੈ ਕਿ ਉਸਨੇ ਇੱਕ ਸਿੱਧੀ ਸਾਦੀ ਨਾਰੀ ਨੂੰ ਗੁੰਮਰਾਹ ਕੀਤਾ ਹੈ। ਉਹ ਆਪਣੇ ਪਤੀ ਦੇ ਅਜਿਹੇ ਅਨੈਤਿਕ

ਵਿਵਹਾਰ ਤੋਂ ਹਤਾਸ਼ ਹੋ ਕੇ ਰੋਂਦੀ ਹੈ ਅਤੇ ਇਕ ਪਤਨੀ ਦਾ ਹੱਕ ਜਤਾਉਂਦੀ ਹੋਈ ਆਪਣਾ ਰੋਸ ਪ੍ਰਗਟ ਕਰਦੀ ਹੈ :

> "ਕੀ ਜਰੂਰਤ ਸੀ ਮੂੰਹ ਮਾਰਨ ਦੀ। ਮੈਨੂੰ ਯਕੀਨ ਨਹੀਂ ਆ ਰਿਹਾ ਤੂੰ ਏਡੀ ਘਟੀਆਂ ਹਰਕਤ ਵੀ ਕਰ ਸਕਦੈ।"
>
> "...ਅਗਰ ਉਸਦਾ ਘਰਵਾਲਾ ਉਪਰੋਂ ਆ ਜਾਂਦਾ। ਤੈਨੂੰ ਉਸਦਾ ਮੁਆਇਨਾ ਕਰਦਿਆਂ ਵੇਖ ਲੈਂਦਾਂ ਤਾਂ ...?"
>
> "ਤਾਂ ਉਹ ਆਤਮ-ਹੱਤਿਆ ਕਰ ਲੈਂਦਾ।" ਮੈਂ ਤਪਾਕ ਨਾਲ ਕਿਹਾ।
>
> "ਔਰ ਅਗਰ ਇਹੀ ਹਰਕਤ ਤੇਰੀ ਬੀਵੀ ਨਾਲ ਉਹ ਕਰਦਾ ਤਾਂ...?"
>
> "ਤਾਂ ਮੈਂ ਉਸਨੂੰ ਮਾਰ ਦੇਂਦਾ।"[37]

ਪਤਨੀ ਭਾਵੇਂ ਆਪਣੇ ਪਤੀ ਪ੍ਰਤੀ ਨਾਰਾਜ਼ਗੀ ਜਾਹਰ ਕਰਦੀ ਹੈ ਪ੍ਰੰਤੂ ਉਹ ਉਸਦੇ ਅਮਾਨਵੀ ਵਿਹਾਰ ਦਾ ਤਿੱਖਾ ਵਿਰੋਧ ਨਹੀਂ ਕਰਦੀ ਜਿਸਦਾ ਕਾਰਨ ਉਸਦੀ ਪੈਤਰਿਕ ਸੋਚ ਹੈ। ਪਿੱਤਰੀ ਸਮਾਜਿਕ ਪ੍ਰਬੰਧ ਵਿੱਚ ਮਰਦ ਪਤੀ ਪਤਨੀ ਨਾਲੋਂ ਉੱਚ ਸਥਾਨ ਤੇ ਬੈਠਾ ਹੋਇਆ ਹੈ ਜਿਸ ਕਾਰਨ ਉਹ ਪਤਨੀ ਦੇ ਕਿਸੇ ਵੀ ਸੁਆਲ ਦਾ ਜਵਾਬ ਦੇਣ ਲਈ ਪਾਬੰਦ ਨਹੀਂ ਹੈ। ਸਥਿਤੀ ਦੀ ਵਿੰਡਬਨਾ ਇਹ ਹੈ ਕਿ ਜੇਕਰ ਪਤਨੀ ਆਪਣੇ ਪਤੀ ਦੀ ਗ਼ੈਰਮੌਜੂਦਗੀ ਵਿੱਚ ਕਿਸੇ ਦੂਜੇ ਮਰਦ ਵੱਲ ਆਕਰਸ਼ਿਤ ਹੁੰਦੀ ਹੈ ਜਾਂ ਕਿਸੇ ਪ੍ਰਕਾਰ ਦੀ ਭਾਵੁਕਤਾ ਦਿਖਾਉਂਦੀ ਹੈ ਤਾਂ ਸਭਿਆਚਾਰਕ ਪੱਖ ਤੋਂ ਉਹ ਚਰਿੱਤਰਹੀਣ ਜਾਂ ਬਦਚਲਨ ਅਖਵਾਏਗੀ ਇਸਦੇ ਵਿਪਰੀਤ ਪਤੀ ਦੀ ਅਜਿਹੀ ਬੇਪ੍ਰਵਾਹੀ ਕਿਸੇ ਕਿਸਮ ਦੀ ਨੈਤਿਕਤਾ ਦੇ ਘੇਰੇ ਵਿੱਚ ਨਹੀਂ ਆਉਂਦੀ। ਕਹਾਣੀ ਵਿੱਚ ਪਰਵਾਸੀ ਪੰਜਾਬੀ ਪਤਨੀ ਭਾਵੇਂ ਬਾਹਰੀ ਤੌਰ ਤੇ ਆਪਣੇ ਪਤੀ ਦੇ ਅਜਿਹੇ ਅਸਹਿਣਯੋਗ ਵਿਹਾਰ ਤੋਂ ਦੁਖੀ ਅਤੇ ਵਿਚਲਿਤ ਹੁੰਦੀ ਹੈ ਪ੍ਰੰਤੂ ਵਿਹਾਰਕ ਤੌਰ ਤੇ ਉਹ ਆਪਣੀ ਦੁਜੈਲੀ ਸਮਾਜਿਕ ਸਥਿਤੀ ਨੂੰ ਸਵੀਕਾਰਦੀ ਹੋਈ ਮਰਦ ਦੀ ਅਜਿਹੀ ਮਾਨਸਿਕਤਾ ਅਤੇ ਵਤੀਰੇ ਨੂੰ ਸਵੀਕਾਰ ਕਰ ਲੈਂਦੀ ਹੈ। ਔਰਤ ਦੀ ਇਸ ਕਮਜ਼ੋਰੀ ਤੋਂ ਵਾਕਫ਼ ਪਤੀ ਨੂੰ ਆਪਣੀ ਪਤਨੀ ਵੀਨੱਸ ਲੱਗਦੀ ਹੈ :

> ਜਿਉਂ ਹੀ ਉਸਦੇ ਅੱਥਰੂ ਮੈਂ ਆਪਣੇ ਹੋਠਾਂ ਨਾਲ ਪੂੰਛੇ, ਉਹ ਰੋਂਦੇ-ਰੋਂਦੇ ਮੁਸਕਰਾ ਉੱਠੀ ਤੇ ਮੁਸਕਰਾਂਦੀ ਹੋਈ ਉਹ ਵੀਨੱਸ ਲੱਗ ਰਹੀ ਸੀ।[38]

ਯੂਨਾਨੀ ਅਤੇ ਰੋਮਨ ਮਿੱਥ ਅਨੁਸਾਰ 'ਵੀਨੱਸ' ਨੂੰ ਪਿਆਰ ਅਤੇ ਸੁੰਦਰਤਾ ਦੀ ਦੇਵੀ ਮੰਨਿਆ ਜਾਂਦਾ ਹੈ। ਮਰਦ ਦੀ ਪਿੱਤਰੀ ਸੋਚ ਨਾਰੀ ਨੂੰ ਜਾਂ ਤਾਂ 'ਦੇਵੀ' ਰੂਪ ਵਿੱਚ ਚਿਤਵਦੀ ਹੈ ਜਾਂ 'ਦਾਸੀ' ਰੂਪ ਵਿੱਚ। ਉਹ

ਨਾਰੀ ਨੂੰ ਕਦੇ ਵੀ ਮਾਨਵੀ ਰੂਪ ਵਿੱਚ ਬਰਾਬਰ ਦਾ ਦਰਜਾ ਨਹੀ ਦੇਂਦਾ। ਕਹਾਣੀ ਵਿਚਲੇ ਪਤੀ ਨੂੰ ਆਪਣੀ ਪਤਨੀ ਦੇਵੀ ਲੱਗਦੀ ਹੈ ਜਿਹੜੀ ਆਪਣਾ ਪਿਆਰ ਪਤੀ ਤੇ ਨਿਛਾਵਰ ਕਰਦੀ ਹੋਈ ਉਸ ਦੀਆਂ ਮਨ-ਮਾਨੀਆਂ ਨੂੰ ਮਾਫ਼ ਕਰ ਦਿੰਦੀ ਹੈ। ਮਕਾਨ ਮਾਲਕ ਦੀ ਪਤਨੀ ਭਾਵੇਂ ਪੜ੍ਹੀ-ਲਿਖੀ ਅਤੇ ਆਤਮ-ਨਿਰਭਰ ਔਰਤ ਹੈ, ਪ੍ਰੰਤੂ ਉਹ ਪਿੱਤਰਸੱਤਾ ਦੀ ਮਜ਼ਬੂਤ ਪਕੜ ਵਿੱਚ ਹੈ। ਪਿੱਤਰੀ ਪ੍ਰਬੰਧ ਦੀ ਸ਼ਿਕਾਰ ਹੋਈ ਉਹ ਆਪਣੇ ਘਰ, ਪਰਿਵਾਰ ਨੂੰ ਬਚਾਉਣ ਲਈ ਪਤੀ ਦੇ ਹਰ ਗੁਨਾਹ ਨੂੰ ਮਾਫ਼ ਕਰਕੇ ਸਮਝੌਤਾਵਾਦੀ ਬਿਰਤੀ ਅਪਨਾ ਲੈਂਦੀ ਹੈ।

'ਜਿਸਮਖੋਰ' ਕਹਾਣੀ ਦੀ ਮੁੱਖ ਪਾਤਰ 'ਕੁੰਮਾ' ਵੀ ਮਰਦਾਂ ਦੀ ਅਜਿਹੀ ਜਿਸਮਖੋਰੀ ਮਾਨਸਿਕਤਾ ਕਾਰਨ ਦੁਖੀ ਹੁੰਦੀ ਹੋਈ ਉਹਨਾਂ ਤੋਂ ਦੂਰੀ ਬਣਾਉਣਾ ਚਾਹੁੰਦੀ ਹੈ। ਉਹ ਕਵਿਤਾ ਵਰਗੇ ਸਿਰਜਣਾਤਮਕ ਅਮਲ ਨਾਲ ਜੁੜੀ ਹੋਈ ਇਕ ਚੇਤੰਨ ਅਤੇ ਬੁੱਧੀਜੀਵੀ ਨਾਰੀ ਹੈ। ਉਸਦੀ ਦੂਰ-ਅੰਦੇਸ਼ੀ ਸੋਚ ਤੋਂ ਪ੍ਰਭਾਵਿਤ ਹੋ ਕੇ ਜੇ.ਜੇ. ਸਾਹਿਬ ਅਤੇ ਕੇ.ਕੇ. ਨਾਂ ਦੇ ਦੋ ਮਰਦ ਪਾਤਰ ਹਮੇਸ਼ਾ ਉਸਦਾ ਸਾਥ ਮਾਨਣ ਲਈ ਉਤਾਵਲੇ ਰਹਿੰਦੇ ਹਨ। ਉਹ ਪਾਤਰ ਕੁੰਮਾ ਨੂੰ ਮਿਲ ਕੇ ਉਸ ਪ੍ਰਤੀ ਬੇਹੱਦ ਪਿਆਰ ਅਤੇ ਅਪਣੱਤ ਦਾ ਇਜ਼ਹਾਰ ਕਰਦੇ ਹਨ ਪ੍ਰੰਤੂ ਉਹਨਾਂ ਦੀ ਗੱਲ-ਬਾਤੀ ਢੰਗ ਅਤੇ ਵਿਵਹਾਰ ਵਿੱਚੋਂ ਪਾਤਰ ਕੁੰਮਾ ਨੂੰ ਕਾਮੁਕਤਾ ਦੀ ਝਲਕ ਪੈਂਦੀ ਹੈ ਜਿਸ ਕਰਕੇ ਉਹ ਮਾਯੂਸ ਅਤੇ ਪ੍ਰੇਸ਼ਾਨ ਹੋ ਜਾਂਦੀ ਹੈ। ਕੁੰਮਾ ਚਾਹੁੰਦੀ ਹੈ ਕਿ ਕੇ.ਕੇ. ਅਤੇ ਜੇ.ਜੇ. ਸਾਹਿਬ ਉਸਦੀ ਸੰਵੇਦਨਸ਼ੀਲਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਉਸ ਨਾਲ ਸੰਜੀਦਾ ਅਤੇ ਸਾਰਥਿਕ ਗੱਲਬਾਤ ਕਰਨ ਪ੍ਰੰਤੂ ਸਮੱਸਿਆ ਇਹ ਹੈ ਕਿ ਉਹ ਦੋਵੇਂ ਆਪਣੀਆਂ ਤ੍ਰਿਸ਼ਨਾਵਾਂ ਦੇ ਜੰਜਾਲ ਵਿੱਚ ਉਲਝੇ ਹੋਏ ਸ਼ਿਸ਼ਟਾਚਾਰਕ ਤੌਰ ਤੇ ਕਾਮ ਅਤੇ ਦੇਹ ਭੋਗ ਨਾਲ ਸੰਬੰਧਿਤ ਵਰਜਿਤ ਸਮਝੀਆਂ ਜਾਂਦੀਆਂ ਗੱਲਾਂ ਨੂੰ ਮੁੜ-ਮੁੜ ਦੁਹਰਾਉਂਦੇ ਹੋਏ ਉਸ ਵਿੱਚੋਂ ਸੁਆਦ ਮਾਣਨ ਲਈ ਲੁੱਛਦੇ ਅਤੇ ਤੜਪਦੇ ਨਜ਼ਰ ਆਉਂਦੇ ਹਨ। ਉਹ ਉਸਦੀ ਲੇਖਣੀ ਨੂੰ ਉਸਦੀ ਨਿੱਜੀ ਜ਼ਿੰਦਗੀ ਨਾਲ ਜੋੜਦੇ ਹੋਏ ਉਸਨੂੰ ਕਈ ਤਰ੍ਹਾਂ ਦੇ ਸੁਆਲਾਂ ਵਿੱਚ ਉਲਝਾਈ ਰੱਖਦੇ ਹਨ :

> "ਚੰਗਾ ਕੁੰਮਾ ਇਹ ਦੱਸ ਬਈ, ਤੈਨੂੰ ਕਵਿਤਾ ਲਿਖਣ ਦੀ ਪ੍ਰੇਰਨਾ ਕਿਥੋਂ ਮਿਲੀ? ਕੀ ਦੁੱਖ ਸੀ ਤੈਨੂੰ?"
>
> "...ਮੈਂ ਅਕਸਰ ਮਹਿਸੂਸ ਕੀਤਾ ਏ ਕਿ ਅਸੀਂ ਜਦੋਂ ਵੀ ਮਿਲ ਬਹਿੰਦੇ ਹਾਂ, ਤੂੰ ਆਪਣੇ ਆਪ ਤੋਂ, ਆਪਣੇ ਜਿਸਮ ਤੋਂ, ਸੈਕਸ ਤੋਂ ਵਿਮੁਖ ਜਿਹੀ ਹੋਈ ਲਗਦੀ ਏ। ਕਿਤੇ ਬਚਪਨ, ਜਵਾਨੀ 'ਚ ਕਦੇ ਕੋਈ ਮਾਨਸਿਕ ਜਾਂ ਸਰੀਰਕ ਅੱਤਿਆਚਾਰ ਜਾਂ..."

"...ਕੁੰਮਾ, ਤੂੰ ਤਾਂ ਬੁਰਾ ਮੰਨ ਗਈ। ਮੈਂ ਤਾਂ ਇਸ ਬੁਢਾਪੇ 'ਚ ਇੱਕ-ਅੱਧ ਚੁੰਮਣ ਜਾਂ ਅਲਿੰਗਨਬੱਧ ਹੋਣ ਦੇ ਸਿਵਾਏ ਕਰ ਹੀ ਕੀ ਸਕਦਾ ਹਾਂ। ਮੈਂ ਤਾ ਭੋਲੀਏ, ਮੋਇਆ ਸੱਪ ਹਾਂ।"[39]

ਪਾਤਰ ਜੇ.ਜੇ. ਸਾਹਿਬ ਦੁਆਰਾ ਪੁੱਛੇ ਗਏ ਸੁਆਲਾਂ ਨੂੰ ਕੁੰਮਾ ਬੇਅਰਥ ਅਤੇ ਨਿਰਆਧਾਰ ਮੰਨਦੀ ਹੋਈ ਉਸ ਤੇ ਖਿੱਝਦੀ ਹੈ। ਕੁੰਮਾ ਜਿਹੜੀ ਕਿ ਆਪਣੇ ਪਤੀ ਨਾਲ ਖ਼ੁਸ਼ੀ ਵਿਆਹੁਤਾ ਜੀਵਨ ਜੀਅ ਰਹੀ ਹੈ, ਨੂੰ ਇਸ ਗੱਲ ਦਾ ਬੇਹੱਦ ਦੁੱਖ ਪਹੁੰਚਦਾ ਹੈ ਕਿ ਜੇ.ਜੇ. ਸਾਹਿਬ ਅਤੇ ਕੇ.ਕੇ. ਉਸਦੀ ਸੰਵੇਦਨਾ, ਉਸਦੀ ਸਿਰਜਣਾਤਮਕ ਕਲਾ ਅਤੇ ਗੁਣਾਂ ਬਾਰੇ ਸੰਵਾਦ ਕਰਨ ਦੀ ਬਜਾਇ ਉਸਦੀ ਸੈਕਸੂਅਲ ਜ਼ਿੰਦਗੀ ਬਾਰੇ ਜਾਣਨ ਵਿੱਚ ਦਿਲਚਸਪੀ ਕਿਉਂ ਰੱਖਦੇ ਹਨ। ਪਾਤਰ ਕੁੰਮਾ ਮਰਦ ਪਾਤਰ ਜੇ.ਜੇ. ਸਾਹਿਬ ਦੀ ਕਾਮੁਕਤਾ ਭਰੀ ਮਾਨਸਿਕਤਾ ਤੇ ਵਿਅੰਗ ਕਰਦੀ ਕਹਿੰਦੀ ਹੈ :

"...ਕਾਸ਼ ਤੁਸੀ ਦੇਹ ਦੇ ਅਸਤਿਤਵ ਨੂੰ ਕੁਝ ਦੇਰ ਭੁਲਾ ਕੇ ਇਕ ਦੋਸਤ ਦੀ ਤਰ੍ਹਾਂ ਮੇਰੇ ਨਾਲ ਗੱਲ ਕਰਕੇ ਵੇਖੋ।" ਔਰਤ-ਮਰਦ ਦੀ ਇੱਜ਼ਤ ਉਨ੍ਹਾਂ ਦੇ ਕੰਮਾਂ ਤੇ ਕਾਰਨਾਮਿਆਂ ਨਾਲ ਜੁੜੀ ਹੋਣੀ ਚਾਹੀਦੀ ਏ ਨਾ ਕਿ ਜਿਸਮਾਂ ਨਾਲ।[40]

ਕਹਾਣੀਕਾਰ ਇੱਥੇ ਇਹ ਪ੍ਰਸ਼ਨ ਖੜ੍ਹਾ ਕਰਦੀ ਹੈ ਕਿ ਇੱਕ ਔਰਤ ਸਾਹਿਤਕਾਰ ਦੀ ਸਾਹਿਤਕ ਲੇਖਣੀ ਨੂੰ ਕਿਉਂ ਉਸਦੀ ਨਿੱਜੀ ਜ਼ਿੰਦਗੀ ਨਾਲ ਹੀ ਜੋੜ ਕੇ ਵੇਖਿਆ ਜਾਂਦਾ ਹੈ? ਕਿਉਂ ਉਸ ਦੁਆਰਾ ਰਚਿਤ ਸਾਹਿਤ ਨੂੰ ਉਸਦੇ ਸਵੈ ਦਾ ਪ੍ਰਤੀਰੂਪ ਮੰਨ ਲਿਆ ਜਾਂਦਾ ਹੈ? ਇਸ ਸੰਦਰਭ ਵਿੱਚ ਤਸਲੀਮਾ ਨਸਰੀਨ ਦੀ ਇਹ ਟਿੱਪਣੀ ਬੜੀ ਸਾਰਥਿਕ ਜਾਪਦੀ ਹੈ। ਉਹ ਲਿਖਦੀ ਹੈ ਕਿ :

ਜੋ ਔਰਤਾਂ ਲਿਖਦੀਆਂ ਹਨ, ਸਾਧਾਰਨ ਲੋਕਾਂ ਵਿੱਚ ਅਜਿਹੀ ਆਮ ਧਾਰਨਾ ਹੈ ਕਿ ਇਹ ਜੋ ਵੀ ਲਿਖਦੀਆਂ ਹਨ, ਇਹ ਉਨ੍ਹਾਂ ਦੇ ਜੀਵਨ ਵਿੱਚ ਘਟੀ, ਜਰੂਰ ਹੀ ਕੋਈ ਵੱਡੀ ਦੁਰਘਟਨਾ ਹੋਵੇਗੀ। ਜ਼ਿੰਦਗੀ ਵਿੱਚ ਕਦੇ ਕਦੇ ਕਿਸੇ ਦੁਰਘਟਨਾ ਦੇ ਘਟਣ ਨਾਲ ਔਰਤਾਂ ਵਿੱਚੋਂ ਕੋਈ ਖੁਦਕੁਸ਼ੀ ਕਰ ਲੈਂਦੀ ਹੈ, ਕੋਈ ਵੇਸਵਾ ਦੇ ਮੁਹੱਲੇ ਜਾਣ ਲਗਦੀ ਹੈ ਇਸੇ ਤਰ੍ਹਾਂ ਕੋਈ ਸਾਹਿਤ-ਰਚਨਾ ਦਾ ਆਸਰਾ ਲੈਂਦੀ ਹੈ। ਇਕ ਲੜਕੀ ਜਦੋਂ ਲਿਖਣਾ ਸ਼ੁਰੂ ਕਰਦੀ ਹੈ ਤਾਂ ਉਸਦੀ ਲੇਖਣੀ ਤੋਂ ਜ਼ਿਆਦਾ ਉਸਦੇ ਵਿਅਕਤੀਗਤ ਮਾਮਲਿਆਂ ਵਿੱਚ ਲੋਕਾਂ ਨੂੰ ਰੁਚੀ ਹੁੰਦੀ ਹੈ। ਪ੍ਰੇਮ ਵਿੱਚ ਸਫਲ ਹੋਣ ਜਾਂ ਪ੍ਰੇਮ

> ਵਿੱਚ ਅਸਫਲ ਹੋਣ, ਪਰਿਵਾਰਕ ਅਸ਼ਾਂਤੀ ਜਾਂ ਪਰਿਵਾਰ ਦੇ ਪ੍ਰਤੀ ਨਿਰਾਸ਼ਾ ਵਗੈਰਾ ਹੋਏ ਬਿਨਾਂ ਕੋਈ ਲੜਕੀ ਬੇਮਤਲਬ ਸਾਹਿਤ ਰਚਨਾ ਕਿਉਂ ਕਰੇਗੀ?[41]

ਇਸ ਕਰਕੇ ਮਰਦਾਂ ਦੇ ਸੰਸਾਰ ਵਿੱਚ ਕੁੰਮਾ ਵਰਗੀ ਬੁੱਧੀਜੀਵੀ ਨਾਰੀ ਆਪਣੇ ਆਪ ਨੂੰ ਜਿਸਮਖੋਰਾਂ ਵਿੱਚ ਘਿਰਿਆ ਹੋਇਆ ਮਹਿਸੂਸ ਕਰਦੀ ਹੈ। ਉਹ ਚਾਹੁੰਦੀ ਹੈ ਕਿ ਉਹ ਅਜਿਹੀ ਦੁਨੀਆਂ ਵਿੱਚ ਚਲੀ ਜਾਵੇ ਜਿੱਥੇ ਔਰਤ-ਮਰਦ ਵਿਚਲੇ ਸਭ ਵਖਰੇਵੇਂ ਖ਼ਤਮ ਹੋ ਜਾਣ ਅਤੇ ਮਰਦ ਉਸਨੂੰ ਦੇਹ ਤੋਂ ਉੱਪਰ ਇਕ ਸੰਪੂਰਨ ਮਾਨਵ ਦੇ ਰੂਪ ਵਿੱਚ ਸਵੀਕਾਰਨ। ਇਸ ਪ੍ਰਸੰਗ ਵਿੱਚ ਤਸਲੀਮਾ ਨਸਰੀਨ ਦਾ ਹੇਠ ਲਿਖਿਆ ਵਿਚਾਰ ਬਹੁਤ ਉਚਿਤ ਲਗਦਾ ਹੈ :

> ਜਿਸ ਦਿਨ ਇਹ ਸਮਾਜ ਇਸਤਰੀ ਦਾ ਨਹੀਂ, ਸਰੀਰ ਦੇ ਅੰਗ ਪ੍ਰਤੀ ਅੰਗ ਦਾ ਨਹੀਂ, ਇਸਤਰੀ ਦੀ ਬੁੱਧੀ ਅਤੇ ਮਿਹਨਤ ਦਾ ਮੁੱਲ ਦੇਣਾ ਸਿੱਖ ਜਾਏਗਾ, ਸਿਰਫ਼ ਉਸ ਦਿਨ ਇਸਤਰੀ ਦੀ ਮਨੁੱਖ ਦੇ ਰੂਪ ਵਿੱਚ ਸਵੀਕ੍ਰਿਤੀ ਹੋਵੇਗੀ।[42]

'ਇਕ ਹੋਰ ਗੌਤਮ' ਕਹਾਣੀ 'ਮੈਂ' ਪਾਤਰ ਦੇ ਉੱਤਮ ਪੁਰਖੀ ਬਿਰਤਾਂਤ ਰਾਹੀਂ ਮਰਦ ਦੀ ਨਾਰੀ ਪ੍ਰਤੀ ਸਦੀਆਂ ਤੋਂ ਚਲੀ ਆ ਰਹੀ ਅਤੇ ਨਾਬਦਲਣ ਵਾਲੀ ਪਿੱਤਰਕੀ ਮਾਨਸਿਕਤਾ ਦੀਆਂ ਪਰਤਾਂ ਨੂੰ ਖੋਲ੍ਹਦੀ ਹੈ। ਕਹਾਣੀ 'ਮੈਂ' ਪਾਤਰ ਅਤੇ ਉਸਦੇ ਪ੍ਰੇਮੀ ਇਕਬਾਲ ਦੇ ਸੰਬੰਧਾਂ ਦੁਆਲੇ ਘੁੰਮਦੀ ਹੈ। ਉਹ ਦੋਵੇਂ ਇਕ ਦੂਜੇ ਨੂੰ ਪਸੰਦ ਕਰਦੇ ਹਨ ਅਤੇ ਇਕ ਸਥਾਈ ਰਿਸ਼ਤੇ ਵਿੱਚ ਬੱਝਣਾ ਚਾਹੁੰਦੇ ਹਨ ਪ੍ਰੰਤੂ ਦੋਹਾਂ ਦਾ ਜ਼ਿੰਦਗੀ ਜਿਊਣ ਦਾ ਢੰਗ-ਤਰੀਕਾ ਅਤੇ ਸੋਚ ਵਿਚਲਾ ਅੰਤਰ ਉਹਨਾਂ ਦੇ ਆਪਸੀ ਸੰਬੰਧਾਂ ਵਿੱਚ ਰੁਕਾਵਟ ਬਣ ਜਾਂਦਾ ਹੈ। ਮੈਂ ਪਾਤਰ ਜਿੱਥੇ ਜ਼ਿੰਦਗੀ ਨੂੰ ਖੁੱਲ੍ਹ ਕੇ ਮਾਣਣਾ ਚਾਹੁੰਦੀ ਹੈ, ਉੱਥੇ ਪ੍ਰੇਮੀ ਇਕਬਾਲ ਪਿੱਤਰੀ ਕੀਮਤਾਂ ਤਹਿਤ ਔਰਤ ਨੂੰ ਇਕ ਦਾਇਰੇ ਵਿੱਚ ਹੀ ਖੁੱਲ੍ਹ ਦੇਣ ਦਾ ਹਮਾਇਤੀ ਹੈ। ਬਿਰਤਾਂਤ ਵਿੱਚ ਦੋਵਾਂ ਦੀ ਸੋਚ ਅਤੇ ਕਾਰਜ ਵਿਹਾਰ ਵਿੱਚੋਂ ਇਹ ਵਖਰੇਵਾਂ ਸਹਿਜੇ ਹੀ ਪ੍ਰਗਟ ਹੋ ਜਾਂਦਾ ਹੈ ਜਿਵੇਂ :

> ...ਚਾਹ ਪੀ ਕੇ ਅਸੀਂ ਇਕਦਮ ਉੱਠ ਖਲੋਤੀਆਂ ਸਾਂ ਤੇ ਪੌੜੀਆਂ ਲਹਿ ਕੇ ਗੇਟ ਵੱਲ ਤੇ ਫਿਰ ਗੇਟ ਤੋਂ ਬਾਹਰ ਸੜਕ 'ਤੇ ਆ ਗਈਆਂ ਸਾਂ। ਬਾਰਿਸ਼ ਦੀਆਂ ਬੂੰਦਾਂ ਸਾਡੇ ਜਿਸਮਾਂ ਨਾਲ ਕਲੋਲ ਕਰ ਰਹੀਆਂ ਸਨ। ਅਸੀਂ ਤਿੰਨਾਂ ਨੇ ਇਕਬਾਲ ਦੇ ਕਮਰੇ ਵੱਲ ਝਾਤੀ ਮਾਰੀ। ਬਾਲਕੋਨੀ ਦੀ ਚੁਗਾਠ ਤੇ ਪਹਾੜੀ ਮੈਨਾ ਦਾ ਪਿੰਜਰਾ ਲਟਕ ਰਿਹਾ ਸੀ ਤੇ ਇਕਬਾਲ ਉਸਨੂੰ ਦਾਣਾ

> ਪਾ ਰਿਹਾ ਸੀ ...ਉਹ ਆਪਣੇ ਬਾਰੇ ਤੇ ਲੋਕਾਂ ਬਾਰੇ ਬੜੀ ਖੁੱਲ੍ਹਦਿਲੀ ਨਾਲ ਸੋਚਿਆ ਕਰਦਾ ਸੀ, ਪਰ ਉਹ ਡਰਦਾ ਸੀ ਤਾਂ ਮੀਂਹ ਵਿੱਚ ਭਿੱਜਦੀਆਂ ਸਾਡੇ ਜਿਹੀਆਂ ਕੁੜੀਆਂ-ਚਿੜੀਆਂ ਤੋਂ।[43]

ਮੈਂ ਪਾਤਰ ਅਤੇ ਪ੍ਰੇਮੀ ਇਕਬਾਲ ਸੋਚ ਪੱਧਰ 'ਤੇ ਇਕ ਦੂਜੇ ਦੇ ਵਿਰੋਧ ਵਿੱਚ ਖੜ੍ਹੇ ਨਜ਼ਰ ਆਉਂਦੇ ਹਨ। ਇਕਬਾਲ ਭਾਵੇਂ ਸਿੱਧੇ ਰੂਪ ਵਿੱਚ ਕੋਈ ਨਾਰੀ ਵਿਰੋਧੀ ਕਾਰਜ ਕਰਦਾ ਦਿਖਾਈ ਨਹੀਂ ਦੇਂਦਾ ਪ੍ਰੰਤੂ ਉਸਦਾ ਵਿਵਹਾਰ ਅਤੇ ਜ਼ਿੰਦਗੀ ਪ੍ਰਤੀ ਦ੍ਰਿਸ਼ਟੀਕੋਣ ਫਿਊਡਲ ਮਾਨਸਿਕਤਾ ਦਾ ਪ੍ਰਮਾਣ ਪੇਸ਼ ਕਰ ਰਿਹਾ ਹੈ। ਉਸਦਾ ਭੌਤਿਕ ਰੂਪ ਵਿੱਚ ਮਾਦਾ 'ਮੈਨਾ' ਨੂੰ ਪਿੰਜਰੇ ਵਿੱਚ ਕੈਦ ਕਰਨਾ ਉਸ ਅੰਦਰਲੀ ਕਬਜ਼ੇ ਦੀ ਪ੍ਰਵਿਰਤੀ ਨੂੰ ਦਰਸਾਉਂਦਾ ਹੈ। ਪਿੰਜਰੇ ਵਿੱਚ ਤੋਤਾ ਕੈਦ ਨਹੀਂ 'ਮੈਨਾ' ਕੈਦ ਹੈ ਅਤੇ 'ਮੈਨਾ' ਇੱਥੇ ਔਰਤ ਦਾ ਪ੍ਰਤੀਕ ਹੈ। ਔਰਤ ਲਈ ਪਿੱਤਰਕੀ ਸਮਾਜ ਸਭਿਆਚਾਰਕ ਕੀਮਤ-ਪ੍ਰਬੰਧ ਅਣਦਿਸਦਾ ਪਿੰਜਰਾ ਹੈ ਜਿਸਦੀ ਸੀਮਾ ਤੋਂ ਉਹ ਬਾਹਰ ਨਹੀਂ ਜਾ ਸਕਦੀ। ਉਸ ਲਈ ਆਸਮਾਨ ਵਿੱਚ ਉੱਡਣ ਦੀ ਖੁੱਲ੍ਹ ਵੀ ਸੀਮਤ ਹੈ। ਪੰਛੀ ਮੈਨਾ ਦਾ ਪਿੰਜਰੇ ਵਿੱਚ ਕੈਦ ਹੋਣਾ ਅਤੇ ਔਰਤ ਨੂੰ ਘਰ ਰੂਪੀ ਪਿੰਜਰੇ ਵਿੱਚ ਬੰਦ ਰੱਖਣਾ ਜਿੱਥੇ ਸਮਰੂਪ ਸਥਿਤੀਆਂ ਨੂੰ ਪ੍ਰਗਟਾਉਂਦਾ ਹੈ, ਉੱਥੇ ਨਾਲ ਹੀ ਪਿੱਤਰੀ ਸਮਾਜ ਵਿੱਚ ਔਰਤ ਦੀ ਆਜ਼ਾਦੀ, ਸਵੈ-ਇੱਛਾ ਅਤੇ ਔਰਤ ਸੰਵੇਦਨਾ ਦੇ ਕੈਦ ਹੋਣ ਦਾ ਸੰਕੇਤ ਦਿੰਦਾ ਹੈ। 'ਪਿੰਜਰਾ' ਮਰਦ ਦੀ ਹੀ ਸਿਰਜਣਾ ਹੈ ਜੋ ਉਸਦੀ ਮਰਦਾਵੀਂ ਹਉਂ ਅਤੇ ਅਧਿਕਾਰ ਕਰਨ ਦੀ ਮਨੋਬਿਰਤੀ ਨੂੰ ਦਰਸਾਉਂਦਾ ਹੈ। ਬਿਰਤਾਂਤ ਵਿਚਲੀ ਮੈਂ ਪਾਤਰ ਲਈ ਔਰਤ ਨੂੰ ਕੱਜ ਵਲੇਟ ਕੇ ਰੱਖਣ ਵਾਲੀ ਪਿੱਤਰੀ ਸੋਚ ਨੂੰ ਸਵੀਕਾਰ ਕਰਨਾ ਮਨਜ਼ੂਰ ਨਹੀਂ। ਉਸਨੂੰ ਤਾਂ ਆਪਣੀਆਂ ਸਹੇਲੀਆਂ ਨਾਲ ਮੀਂਹ ਵਿੱਚ ਭਿੱਜਣਾ ਅਤੇ ਮਸਤੀ ਕਰਨਾ ਚੰਗਾ ਲੱਗਦਾ ਹੈ ਪ੍ਰੰਤੂ ਦੂਜੇ ਪਾਸੇ ਮੈਂ ਪਾਤਰ ਦੇ ਦੱਸਣ ਮੁਤਾਬਕ ਇਕਬਾਲ ਨੂੰ ਮੀਂਹ ਵਿੱਚ ਭਿੱਜਦੀਆਂ ਮਸਤ ਮਲੰਗ ਅਤੇ ਅਲਬੇਲੀਆਂ ਕੁੜੀਆਂ ਤੋਂ ਡਰ ਲੱਗਦਾ ਹੈ। ਡਾਕਟਰ ਪੇਸ਼ੇ ਨਾਲ ਸੰਬੰਧਿਤ ਪਾਤਰ ਇਕਬਾਲ ਭਾਵੇਂ ਸਿਧਾਂਤਕ ਰੂਪ ਵਿੱਚ ਅਗਾਂਹਵਧੂ ਅਤੇ ਖੁੱਲ੍ਹ-ਖਿਆਲੀ ਹੋਣ ਦਾ ਦਾਅਵਾ ਕਰਦਾ ਹੈ ਪਰੰਤੂ ਵਿਹਾਰਕ ਰੂਪ ਵਿੱਚ ਉਸਦੀ ਸੋਚ ਪਿੱਤਰੀ ਪ੍ਰਬੰਧ ਦੀ ਹੀ ਨੁਮਾਇੰਦਗੀ ਕਰਦੀ ਹੈ ਜੋ ਮੈਂ ਪਾਤਰ ਲਈ ਹੋਂਦਮੂਲਕ ਸੰਕਟ ਖੜ੍ਹੇ ਕਰ ਰਹੀ ਹੈ। ਜਦੋਂ ਉਹ ਆਪਣੇ ਆਪ ਨੂੰ ਇਕਬਾਲ ਨਾਲ ਜੋੜ ਕੇ ਆਪਣੇ ਭਵਿੱਖ ਬਾਰੇ ਸੋਚਦੀ ਹੈ ਤਾਂ ਉਸਨੂੰ ਆਪਣੀ ਵਰਤਮਾਨ ਆਜ਼ਾਦੀ ਖੁੱਸਦੀ ਨਜ਼ਰ ਆਉਂਦੀ ਹੈ। ਆਪਣੇ ਆਪ ਨੂੰ ਆਜ਼ਾਦ ਮੰਨਣ ਵਾਲੀ ਅਤੇ ਹੋਰ ਆਜ਼ਾਦੀ ਨੂੰ ਭਾਲਣ ਦੇ ਰਾਹ ਤੁਰੀ ਮੈਂ ਪਾਤਰ ਵਰਤਮਾਨ ਵਿੱਚ ਹੀ ਸਥਿਰ ਹੋ ਜਾਣਾ ਚਾਹੁੰਦੀ ਹੈ। ਉਹ ਸਮਝ ਜਾਂਦੀ ਹੈ ਕਿ ਪਿੱਤਰੀ ਸਮਾਜਿਕ ਢਾਂਚੇ ਵਿੱਚ ਕੁੜੀਆਂ ਦਾ ਦਲ ਬਣਾ ਕੇ ਸੜਕਾਂ ਤੇ ਘੁੰਮਣਾ, ਉੱਛਲਣਾ-ਕੁੱਦਣਾ, ਠਹਾਕੇ ਲਾ ਕੇ ਹੱਸਣਾ ਅਤੇ ਬੇਪ੍ਰਵਾਹ ਹੋ ਕੇ ਜਿਊਣਾ ਸਵੀਕਾਰਯੋਗ ਨਹੀਂ; ਖਾਸ ਕਰਕੇ ਵਿਆਹੁਤਾ ਨਾਰੀ ਤਾਂ ਆਪਣੇ ਪਤੀ

ਦੀ ਮਰਜ਼ੀ ਅਨੁਸਾਰ ਹੀ ਜੀਵਨ ਜਿਊਣ ਲਈ ਪਾਬੰਦ ਹੈ। ਅਜਿਹੀ ਦੁਬਿਧਾਜਨਕ ਸਥਿਤੀ ਵਿੱਚ ਘਿਰੀ ਮੈਂ ਪਾਤਰ ਨਾ ਇਕਬਾਲ ਨੂੰ ਗੁਆਉਣਾ ਚਾਹੁੰਦੀ ਹੈ ਅਤੇ ਨਾ ਹੀ ਆਪਣੀ ਵਿਅਕਤੀਗਤ ਆਜ਼ਾਦੀ ਨੂੰ ਛੱਡਣਾ ਚਾਹੁੰਦੀ ਹੈ। ਉਹ ਇਕਬਾਲ ਨਾਲ ਆਪਣਾ ਰਿਸ਼ਤਾ ਬਰਾਬਰ ਧਰਾਤਲ 'ਤੇ ਸਥਾਪਿਤ ਕਰਨਾ ਲੋਚਦੀ ਹੈ ਪ੍ਰੰਤੂ ਪ੍ਰਾਪਤ ਪ੍ਰਸਥਿਤੀਆਂ ਅਨੁਸਾਰ ਅਜਿਹਾ ਤਾਂ ਹੀ ਸੰਭਵ ਹੈ ਜੇਕਰ ਉਹ ਜਾਂ ਤਾਂ ਇਕਬਾਲ ਦੀ ਸੋਚ ਨੂੰ ਆਪਣੇ ਉੱਪਰ ਥੋਪ ਲਵੇ ਜਾਂ ਆਪਣੀ ਸੋਚ ਨੂੰ ਇਕਬਾਲ ਦੀ ਸੋਚ ਦਾ ਹਾਣੀ ਬਣਾ ਲਵੇ। ਔਰਤ ਦੀ ਇਹ ਤ੍ਰਾਸਦੀ ਹੈ ਕਿ ਅਕਸਰ ਝੁਕਣਾ ਉਸਨੂੰ ਹੀ ਪੈਂਦਾ ਹੈ। ਮੈਂ ਪਾਤਰ ਅਤੇ ਉਸਦੀ ਵਿਆਹੀ ਜਾ ਚੁੱਕੀ ਸਹੇਲੀ ਜੁਗਨੂੰ ਦੀ ਆਪਸੀ ਵਾਰਤਾਲਾਪ ਵੀ ਔਰਤ-ਮਰਦ ਦੀ ਸਮਾਜਿਕ ਸਥਿਤੀ ਵਿਚਲੇ ਇਸ ਪਾੜੇ ਨੂੰ ਉਘਾੜਦੀ ਹੈ। ਪਾਤਰ ਜਗਨੂੰ ਦੇ ਸ਼ਬਦਾਂ ਵਿੱਚ :

> "ਮਰਦ ਮਰਦੇ ਕਿਸੇ ਤੇ ਨਹੀਂ। ਮਰਦ ਖੁਸ਼ ਹੁੰਦੇ ਨੇ ਜੇ ਸਾਡੇ ਵਰਗੀਆਂ ਆਪਣੀ ਜ਼ਿੰਦਗੀ ਉਨ੍ਹਾਂ ਤੇ ਵਾਰ ਦੇਣ।"
>
> "ਵਾਹ, ਵਾਹ, ਵਾਹ, ਜੁੰਮਾ-ਜੁੰਮਾ ਕਰਕੇ ਭੇਣ ਜੀ ਦੇ ਵਿਆਹ ਨੂੰ ਤਿੰਨ ਮਹੀਨੇ ਨਹੀਂ ਹੋਏ ਤੇ ਕਿੱਡੇ ਸਿਆਣੇ ਹੋ ਗਏ ਨੇ।"
>
> "ਸਮਾਂ ਸਿਆਣਾ ਕਰ ਦਿੰਦਾ ਏ ਮੇਰੀ ਜਾਨ।"
>
> "ਇਹ ਸਮਾਂ ਕੀ ਚੀਜ ਹੈ?"
>
> "ਹਊਆ, ਜੋ ਹਰ ਵੇਲੇ ਸਾਨੂੰ ਡਰਾਉਂਦਾ ਰਹਿੰਦਾ ਏ।"[44]

ਕਹਾਣੀਕਾਰ ਇੱਥੇ ਨਾਰੀ ਮਨ ਅੰਦਰਲੇ ਡਰ, ਘੁਟਨ ਅਤੇ ਖ਼ਾਹਿਸ਼ਾਂ ਦੇ ਦਫ਼ਨ ਹੋਣ ਦੇ ਦਰਦ ਨੂੰ ਪੇਸ਼ ਕਰਦੀ ਹੈ। ਔਰਤ ਪ੍ਰਤੀ ਮਰਦ ਦਾ ਦ੍ਰਿਸ਼ਟੀਕੋਣ ਅੱਜ ਵੀ ਪਰੰਪਰਾਵਾਦੀ ਧਾਰਣਾ ਉੱਪਰ ਟਿਕਿਆ ਹੋਇਆ ਹੈ। ਅੱਜ ਦੀ ਪੜ੍ਹੀ-ਲਿਖੀ ਚੇਤੰਨ ਨਾਰੀ ਮਰਦ ਨਾਲ ਬਰਾਬਰ ਦਾ ਰਿਸ਼ਤਾ ਜੋੜਨਾ ਚਾਹੁੰਦੀ ਹੈ ਪ੍ਰੰਤੂ ਮਰਦਾਵੇਂ ਪ੍ਰਬੰਧ ਵਿੱਚ ਔਰਤ-ਮਰਦ ਦਾ ਰਿਸ਼ਤਾ ਬਰਾਬਰੀ ਵਾਲਾ ਨਹੀਂ, ਸਗੋਂ ਦਾਬੇ ਤੇ ਅਧੀਨਗੀ ਵਾਲਾ ਹੈ। ਇਸ ਦਾ ਅਹਿਸਾਸ ਕਹਾਣੀ ਵਿਚਲੀ ਪਾਤਰ ਜਗਨੂੰ ਨੂੰ ਵਿਆਹ ਤੋਂ ਛੇਤੀ ਬਾਅਦ ਹੀ ਸਮੇਂ, ਸਥਾਨ ਅਤੇ ਪ੍ਰਸਥਿਤੀਆਂ ਨਾਲ ਕ੍ਰਿਆ-ਪ੍ਰਤੀਕ੍ਰਿਆ ਕਰਦਿਆਂ ਹੋ ਜਾਂਦਾ ਹੈ। ਆਪਣੇ ਆਪ ਨੂੰ ਮਰਦ (ਪਤੀ) ਦੇ ਅਨੁਕੂਲ ਢਾਲਣਾ ਔਰਤ ਦੀ ਮਜ਼ਬੂਰੀ ਬਣ ਜਾਂਦਾ ਹੈ ਜਿਸਦੇ ਸਿੱਟੇ ਵਜੋਂ ਉਹ ਔਰਤ ਦੀ ਆਜ਼ਾਦੀ ਅਤੇ ਔਰਤ ਦੀ ਸਮਰਪਣ ਨੀਤੀ ਵਿੱਚ ਲਟਕੀ ਰਹਿੰਦੀ ਹੈ। ਕਹਾਣੀ ਵਿਚਲੀ ਮੈਂ ਪਾਤਰ ਇਸੇ ਦਵੰਦਾਤਮਕ ਸਥਿਤੀ ਕਾਰਨ ਭਟਕਣਾ ਦੀ ਸ਼ਿਕਾਰ ਹੋ ਜਾਂਦੀ ਹੈ। ਸਮੁੱਚੇ ਰੂਪ ਵਿੱਚ ਇਹ ਕਹਾਣੀ ਪਿੱਤਰਕੀ ਸਮਾਜਿਕ ਪ੍ਰਬੰਧ ਵਿੱਚ ਮਰਦ ਦੀ ਪ੍ਰਭੁਸੱਤਾ ਅਤੇ ਔਰਤ ਦੀ ਦੁਜੈਲੀ ਹੋਂਦ ਦਾ ਬਿਰਤਾਂਤ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਰਾਣੀ ਨਗਿੰਦਰ ਕੌਰ ਇਹਨਾਂ ਕਹਾਣੀਆਂ ਵਿੱਚ ਜਿੱਥੇ ਮਰਦ ਦੀ ਔਰਤ ਨੂੰ ਦੇਹ ਸਮਝਣ ਵਾਲੀ ਪਿੱਤਰਕੀ ਸੋਚ ਨੂੰ ਨੰਗਾ ਕਰਦੀ ਹੈ, ਉੱਥੇ ਔਰਤ ਦੇ ਨਾਰੀਤਵ ਦਾ ਵਸਤੂਕਰਨ ਕਰਨ ਵਾਲੀ ਪਿੱਤਰਕੀ ਸਿਆਸਤ ਨੂੰ ਵੀ ਉਜਾਗਰ ਕਰਦੀ ਹੈ। ਦਰਅਸਲ ਪਿੱਤਰਸੱਤਾ ਦੁਆਰਾ ਸੰਰਚਿਤ ਮਰਦ ਮਾਨਸਿਕਤਾ ਨਾਰੀ ਦੇ ਮਾਨਵੀ ਰੂਪ ਨੂੰ ਸਵੀਕਾਰਨ ਦੀ ਬਜਾਇ ਉਸਨੂੰ ਭੋਗਣਯੋਗ ਵਸਤੂ ਤੱਕ ਸੀਮਤ ਕਰ ਦਿੰਦੀ ਹੈ। ਰਾਣੀ ਨਗਿੰਦਰ ਦੀਆਂ ਉਪਰੋਕਤ ਕਹਾਣੀਆਂ ਵਿੱਚ ਪੇਸ਼ ਪਿੱਤਰਕੀ ਸੋਚ ਨੂੰ ਪ੍ਰਣਾਏ ਭਾਰਤੀ ਅਤੇ ਪਰਵਾਸੀ ਪੰਜਾਬੀ ਮਰਦ ਪਾਤਰਾਂ ਦੀ ਦ੍ਰਿਸ਼ਟੀ ਔਰਤ ਦੀ ਸੁਤੰਤਰ ਮਾਨਵੀ ਹੋਂਦ ਨੂੰ ਪਛਾਣਨ ਤੋਂ ਇਨਕਾਰੀ ਹੈ। ਉਹਨਾਂ ਦੀ ਸਮੁੱਚੀ ਚੇਤਨਾ ਨਾਰੀ ਦੇਹ ਨੂੰ ਭੋਗਣ ਦੀ ਲਾਲਸਾ ਤੱਕ ਸਿਮਟੀ ਦਿਖਾਈ ਦਿੰਦੀ ਹੈ। ਲੇਕਿਨ ਇਹਨਾਂ ਕਹਾਣੀਆਂ ਵਿਚਲੀਆਂ ਚੇਤੰਨ ਭਾਰਤੀ ਅਤੇ ਪਰਵਾਸੀ ਪੰਜਾਬੀ ਔਰਤ ਪਾਤਰਾਂ ਮਰਦ ਦੀ ਔਰਤ ਨੂੰ ਜਿਸਮ ਸਮਝਣ ਵਾਲੀ ਪਿੱਤਰਕੀ ਸੋਚ ਦੀਆਂ ਸ਼ਿਕਾਰ ਨਹੀਂ ਹੁੰਦੀਆਂ। ਇਹ ਨਾਰੀ ਪਾਤਰਾਂ ਜਿੱਥੇ ਮਰਦ ਦੀ ਪਿੱਤਰੀ ਮਾਨਸਿਕਤਾ ਨੂੰ ਚੈਲੰਜ ਕਰਦੀਆਂ ਹਨ, ਉੱਥੇ ਆਪਣੀ ਮਾਨਵੀ ਹੋਂਦ ਦੀ ਸਵੀਕ੍ਰਿਤੀ ਲਈ ਪ੍ਰਸਥਿਤੀਆਂ ਨਾਲ ਟਕਰਾਉਂਦੀਆਂ ਹਨ।

**ਉਦਾਰ ਪੱਛਮੀ ਔਰਤ ਦੇ ਸਨਮੁੱਖ ਪਰਵਾਸੀ ਪੰਜਾਬੀ ਔਰਤ**

ਪੂਰਬੀ ਸਮਾਜ ਵਿੱਚ ਔਰਤ ਦੀ ਹੋਂਦ ਅਤੇ ਸਥਿਤੀ ਮਰਦ ਤੋਂ ਦੁਜੈਲੀ ਹੀ ਰਹੀ ਹੈ। ਔਰਤ ਨੂੰ ਜਨਮ ਤੋਂ ਲੈ ਕੇ ਮੌਤ ਤੱਕ ਹਰ ਪੱਧਰ ਤੇ ਲਿੰਗ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਪੂਰਬੀ ਪਰੰਪਰਾ ਵਿੱਚ ਔਰਤ ਨੂੰ ਜਾਂ ਦੇਵੀ ਤੇ ਜਾਂ ਫਿਰ ਦਾਸੀ/ਗ਼ੁਲਾਮ ਦੇ ਰੂਪ ਵਿੱਚ ਵੇਖਿਆ ਗਿਆ। ਉਸਨੂੰ ਇਕ ਮੁਕੰਮਲ ਮਨੁੱਖ ਦੇ ਰੂਪ ਵਿੱਚ ਕਦੇ ਨਹੀਂ ਸਵੀਕਾਰਿਆ ਗਿਆ ਅਤੇ ਨਾ ਹੀ ਮਰਦ ਦੇ ਬਰਾਬਰ ਦਰਜਾ ਦਿੱਤਾ ਗਿਆ। ਪ੍ਰੰਪਰਕ ਬ੍ਰਾਹਮਣੀ ਚਿੰਤਨ ਅਤੇ ਮਨੂੰ ਸਮ੍ਰਿਤੀ ਨੇ ਉਸਦੀ ਮਾਨਸਿਕ ਘਾੜਤ ਇਸ ਤਰ੍ਹਾਂ ਕੀਤੀ ਕਿ ਉਹ ਸਾਰੀ ਉਮਰ ਪਿਤਾ, ਪਤੀ ਅਤੇ ਪੁੱਤਰ ਦੀ ਅਧੀਨਗੀ ਵਿੱਚ ਰਹਿਣ, ਸੇਵਾ ਕਰਨ ਅਤੇ ਬੰਧਨਸ਼ੀਲ ਜੀਵਨ ਗੁਜ਼ਾਰਨ ਲਈ ਪਾਬੰਦ ਹੋ ਗਈ। ਪਿੱਤਰੀ ਸਮਾਜ ਵਿੱਚ ਮਰਦ ਸੱਤਾ ਦੀ ਪ੍ਰਧਾਨਤਾ ਕਾਰਨ ਔਰਤ ਦਾ ਸੁਤੰਤਰ ਅਸਤਿਤਵ ਦੱਬ ਕੇ ਰਹਿ ਜਾਂਦਾ ਹੈ। ਪੂਰਬੀ ਔਰਤ ਨੂੰ ਉਹੀ ਕੁਝ ਹਾਸਲ ਹੈ ਜੋ ਮਰਦ ਨੇ ਉਸਨੂੰ ਦੇਣਾ ਚਾਹਿਆ। ਪੂਰਬੀ ਪਰੰਪਰਾ ਵਿੱਚ ਔਰਤ ਦੀ ਹਾਸ਼ੀਆਗਤ ਸਥਿਤੀ ਬਾਰੇ ਵਰਜੀਨੀਆ ਵੂਲਫ਼ ਲਿਖਦੀ ਹੈ:

> ਕਾਲਪਨਿਕ ਰੂਪ ਵਿੱਚ ਔਰਤ ਦਾ ਮਹੱਤਵ ਸਰਵ ਉੱਚ ਹੈ ਪਰ ਵਿਹਾਰਕ ਰੂਪ ਵਿੱਚ ਉਹ ਪੂਰੀ ਤਰ੍ਹਾਂ ਮਹੱਤਵਹੀਣ ਹੈ। ਕਵਿਤਾ

> ਵਿੱਚ ਉਹ ਪੰਨੇ-ਪੰਨੇ ਤੇ ਹਾਜ਼ਰ ਹੈ। ਪਰ ਇਤਿਹਾਸ ਵਿੱਚ ਉਹ ਪੂਰੀ ਤਰ੍ਹਾਂ ਗ਼ੈਰ-ਹਾਜ਼ਰ ਹੈ। ਗਲਪ ਸਾਹਿਤ ਵਿੱਚ ਉਹ ਮਹਾਂਰਾਜਿਆਂ ਤੇ ਵਿਜੇਤੂਆਂ ਦੀ ਜ਼ਿੰਦਗੀ ਤੇ ਰਾਜ ਕਰਦੀ ਹੈ ਪਰ ਅਸਲੀਅਤ ਵਿੱਚ ਉਹ ਉਸ ਲੜਕੇ ਦੀ ਗ਼ੁਲਾਮ ਹੋ ਜਾਂਦੀ ਹੈ ਜਿਸਦੇ ਮਾਪੇ ਜ਼ਬਰਦਸਤੀ ਉਸਦੀ ਉਂਗਲ ਵਿੱਚ ਅੰਗੂਠੀ ਪਾ ਦਿੰਦੇ ਹਨ।[45]

ਪੱਛਮੀ ਔਰਤ ਦੇ ਨਿਸਬਤਨ ਪੂਰਬੀ ਔਰਤ ਦੀ ਸੋਚ ਵਧੇਰੇ ਸੀਮਤ ਅਤੇ ਅੰਤਰਮੁਖੀ ਹੈ ਜਦੋਂ ਕਿ ਪੱਛਮੀ ਔਰਤ, ਪੂਰਬੀ ਔਰਤ ਦੇ ਮੁਕਾਬਲੇ ਵਿਅਕਤੀਗਤ ਤੌਰ ਤੇ ਵਧੇਰੇ ਆਜ਼ਾਦ ਹੈ। ਪੱਛਮੀ ਸਮਾਜ-ਸਭਿਆਚਾਰ ਵਿੱਚ ਔਰਤ, ਮਰਦ ਦੇ ਸਮਾਨ ਅਧਿਕਾਰ ਰੱਖਦੀ ਹੋਣ ਕਾਰਨ ਆਪਣੇ ਹੱਕਾਂ ਤੋਂ ਸੁਚੇਤ ਹੈ। ਉਹ ਆਪਣੀ ਜ਼ਿੰਦਗੀ ਨੂੰ ਮਨਮਾਨੇ ਢੰਗ ਨਾਲ ਜਿਉਂਦੀ ਹੈ। ਉਸਦੀ ਰਿਸ਼ਤਿਆਂ ਅਤੇ ਜੀਵਨ ਪ੍ਰਤੀ ਦ੍ਰਿਸ਼ਟੀ ਵਧੇਰੇ ਵਿਸ਼ਾਲ ਅਤੇ ਤਾਰਕਿਕ ਹੈ। ਉਹ ਭੂਤ ਅਤੇ ਭਵਿੱਖ ਦੀ ਚਿੰਤਾ ਛੱਡ ਕੇ ਵਰਤਮਾਨ ਜ਼ਿੰਦਗੀ ਨੂੰ ਖੁੱਲ੍ਹ ਕੇ ਜਿਊਣ ਲਈ ਆਪਣੀ ਜ਼ਿੰਦਗੀ ਵਿੱਚ ਕਠੋਰ ਨਿਰਣੈ ਕਰਨ ਦੀ ਦਲੇਰੀ ਰੱਖਦੀ ਹੈ। ਦੂਜੇ ਪਾਸੇ ਪੂਰਬੀ ਔਰਤ ਪੱਛਮੀ ਦੇਸ਼ਾਂ ਵਿੱਚ ਪਹੁੰਚ ਕੇ ਵੀ ਰੂੜ੍ਹੀਵਾਦੀ ਕਦਰਾਂ-ਕੀਮਤਾਂ ਨੂੰ ਆਪਣੀ ਮਾਨਸਿਕਤਾ ਵਿੱਚੋਂ ਖਾਰਜ ਨਹੀਂ ਕਰ ਸਕੀ। ਉਹ ਆਪਣੀ ਪਿੱਤਰੀ ਸੋਚ ਦੀਆਂ ਜੜ੍ਹਾਂ ਜਦੋਂ ਪੱਛਮੀ ਸਭਿਆਚਾਰ ਵਿੱਚ ਲਾਉਣ ਦੀ ਕੋਸ਼ਿਸ਼ ਕਰਦੀ ਹੈ ਤਾਂ ਅਜਿਹੇ ਸਮੇਂ ਉਹ ਦਵੰਦਾਤਮਕ ਸਥਿਤੀ ਦੀ ਸ਼ਿਕਾਰ ਹੋ ਜਾਂਦੀ ਹੈ। ਪੂਰਬੀ ਟੈਬੂ ਸੰਸਕ੍ਰਿਤੀ ਵਿੱਚ ਪ੍ਰਵਾਨ ਚੜ੍ਹੀ ਪਰਵਾਸੀ ਪੰਜਾਬੀ ਔਰਤ ਜਦੋਂ ਆਪਣੀ ਜਗੀਰੂ ਜ਼ਹਿਨੀਅਤ ਸਮੇਤ ਪੱਛਮੀ ਦੇਸ਼ਾ ਵਿੱਚ ਵਿਚਰਦੀ ਹੋਈ ਜਿਨਸੀ ਖੁੱਲ੍ਹਾਂ ਮਾਣਦੀ ਪੱਛਮੀ ਔਰਤ ਦੇ ਸਨਮੁੱਖ ਹੁੰਦੀ ਹੈ ਤਾਂ ਉਸਦੀ ਸੋਚ ਨੂੰ ਇਕਦਮ ਝਟਕਾ ਲੱਗਦਾ ਹੈ। ਪੱਛਮੀ ਸਮਾਜ-ਸਭਿਆਚਾਰਕ ਕੀਮਤ ਪ੍ਰਬੰਧ ਦਾ ਪੱਛਮੀ ਔਰਤ ਪ੍ਰਤੀ ਉਦਾਰ (Liberal) ਰਵੱਈਆ ਉਸਨੂੰ ਜਿੱਥੇ ਆਚੰਭਿਤ ਕਰਦਾ ਹੈ, ਉੱਥੇ ਨਾਲ ਹੀ ਪੂਰਬੀ ਸਭਿਆਚਾਰਕ ਪ੍ਰਬੰਧ ਦੀਆਂ ਪਿੱਤਰਕੀ ਕੀਮਤਾਂ ਨੂੰ ਤੁਲਨਾਤਮਕ ਪੱਧਰ ਤੇ ਪੜਚੋਲਣ ਲਈ ਦ੍ਰਿਸ਼ਟੀ ਵੀ ਪ੍ਰਦਾਨ ਕਰਦਾ ਹੈ। ਪ੍ਰਵੇਜ਼ ਸੰਧੂ ਦੀਆਂ ਕਹਾਣੀਆਂ 'ਤੇਰਾ ਰੱਬ ਮੇਰਾ ਰੱਬ', 'ਵੇਲਾਂ, ਰੁੱਖ ਤੇ ਰਿਸ਼ਤੇ' ਅਤੇ 'ਰੂਹ ਦੇ ਹਾਣ ਦਾ' ਪੂਰਬੀ ਅਤੇ ਪੱਛਮੀ ਸਭਿਆਚਾਰਕ ਪਰੰਪਰਾਵਾਂ ਤੇ ਸਮਾਜਿਕ ਮਾਪਦੰਡਾਂ, ਪੂਰਬੀ ਨਾਰੀ ਅਤੇ ਪੱਛਮੀ ਨਾਰੀ ਦੇ ਮਾਨਸਿਕ ਵਖਰੇਵਿਆਂ ਨੂੰ ਤੁਲਨਾਤਮਕ ਵਿਧੀ ਰਾਹੀਂ ਪੇਸ਼ ਕਰਦੀਆਂ ਹਨ। ਕਹਾਣੀਕਾਰ ਉਪਰੋਕਤ ਕਹਾਣੀਆਂ ਵਿੱਚ ਪੂਰਬੀ ਪੰਜਾਬੀ ਅਤੇ ਪੱਛਮੀ ਔਰਤ ਪਾਤਰਾਂ ਵਿਚਕਾਰ ਨਾਰੀ ਜੀਵਨ ਦੇ ਵੱਖੋ-ਵੱਖਰੇ ਪਹਿਲੂਆਂ ਉੱਪਰ ਸੰਵਾਦ ਕਰਵਾ ਕੇ ਨਾਰੀ ਪ੍ਰਤੀ ਸੰਤੁਲਿਤ ਦ੍ਰਿਸ਼ਟੀਕੋਣ ਉਭਾਰਨ ਦੀ ਕੋਸ਼ਿਸ਼ ਕਰਦੀ ਹੈ।

ਕਹਾਣੀ 'ਤੇਰਾ ਰੱਬ ਮੇਰਾ ਰੱਬ' ਦਾ ਕਥਾ ਬਿਰਤਾਂਤ ਅਮਰੀਕਨ ਔਰਤ ਪਾਤਰ ਮਾਰਥਾ ਅਤੇ ਪਰਵਾਸੀ ਪੰਜਾਬੀ ਔਰਤ ਬਿਰਤਾਂਤਕਾਰ ਦੀ ਵਾਰਤਾਲਾਪੀ ਸ਼ੈਲੀ ਰਾਹੀਂ ਵਿਕਾਸ ਕਰਦਾ ਹੋਇਆ ਪੂਰਬੀ ਅਤੇ ਪੱਛਮੀ ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਨੂੰ ਤੁਲਨਾਤਮਕ ਪੱਧਰ ਤੇ ਰੂਪਮਾਨ ਕਰਦਾ ਹੈ। ਅਮਰੀਕੀ ਸਭਿਆਚਰ ਵਿੱਚ ਕੁੜੀਆਂ-ਮੁੰਡਿਆਂ ਦਾ ਇੱਕਠਿਆਂ ਰਹਿਣਾ, ਮੌਜ਼-ਮਸਤੀ ਕਰਨਾ ਅਤੇ ਵਿਆਹ ਤੋਂ ਬਿਨਾਂ ਬੱਚੇ ਪੈਦਾ ਕਰਨਾ ਅਤੇ ਮਾਪਿਆਂ ਦੁਆਰਾ ਬਿਨਾਂ ਵਿਰੋਧ ਕੀਤਿਆਂ ਅਜਿਹੀ ਸੰਤਾਨ ਨੂੰ ਪ੍ਰਵਾਨ ਕਰਨਾ ਆਦਿ ਵਰਤਾਰੇ ਜਿੱਥੇ ਪੱਛਮੀ ਲੋਕਾਂ ਦੀ ਜ਼ਿੰਦਗੀ ਦਾ ਸਹਿਜ ਸੁਭਾਵਿਕ ਅੰਗ ਬਣ ਚੁੱਕੇ ਹਨ, ਉੱਥੇ ਪੰਜਾਬੀ ਸਮਾਜ-ਸਭਿਆਚਾਰ ਵਿੱਚ ਅਜਿਹੇ ਪ੍ਰਕਾਰਜ ਵਰਜਨਾਵਾਂ ਦੇ ਦਾਇਰੇ ਵਿੱਚ ਆਉਂਦੇ ਹਨ। ਪਰਵਾਸੀ ਪੰਜਾਬੀ ਨਾਰੀ ਜਦੋਂ ਪੱਛਮੀ ਸਭਿਆਚਾਰ ਵਿਚਲੇ ਅਜਿਹੇ ਜਿਨਸੀ ਰਿਸ਼ਤਿਆਂ ਅਤੇ ਕਾਮੁਕ ਵਰਤਾਰੇ ਦੀ ਖੁੱਲ੍ਹ ਨੂੰ ਪੂਰਬੀ ਪ੍ਰਸੰਗ ਵਿੱਚ ਰੱਖ ਕੇ ਸਮਝਣ ਦੀ ਕੋਸ਼ਿਸ਼ ਕਰਦੀ ਹੈ ਤਾਂ ਪੱਛਮ ਦੀਆਂ ਉਦਾਰਵਾਦੀ ਨੀਤੀਆਂ ਉਸ ਨੂੰ ਪ੍ਰਭਾਵਿਤ ਕਰਨ ਦੇ ਨਾਲ-ਨਾਲ ਉਸ ਦੀ ਸੰਵੇਦਨਾ ਨੂੰ ਵੀ ਟੁੰਬਦੀਆਂ ਹਨ। ਕਹਾਣੀ ਵਿੱਚ ਜਦੋਂ ਪਾਤਰ ਮਾਰਥਾ ਆਪਣੇ ਅਠਾਰਾਂ ਵਰ੍ਹਿਆਂ ਦੇ ਅਣਵਿਆਹੇ ਮੁੰਡੇ ਦੇ ਬਾਪ ਬਣਨ ਦੀ ਖ਼ਬਰ ਖ਼ੁਸ਼ੀ-ਖ਼ੁਸ਼ੀ ਬਿਰਤਾਂਤਕਾਰ ਨੂੰ ਸੁਣਾਉਂਦੀ ਹੈ ਤਾਂ ਉਹ ਹੈਰਾਨ ਹੁੰਦੀ ਹੈ ਕਿ ਮਾਰਥਾ ਅਜਿਹੀ ਲੁਕਵੀਂ ਗੱਲ ਨੂੰ ਸ਼ਰੇਆਮ ਸਾਰੀਆਂ ਦੋਸਤ ਕੁੜੀਆਂ ਨਾਲ ਕਿਵੇਂ ਸਾਂਝਾ ਕਰ ਸਕਦੀ ਹੈ। ਬਿਰਤਾਂਤਕਾਰ ਮਾਰਥਾ ਨੂੰ ਜਲਦੀ ਤੋਂ ਜਲਦੀ ਆਪਣੇ ਮੁੰਡੇ ਦਾ ਵਿਆਹ ਕਰਨ ਦੀ ਸਲਾਹ ਦਿੰਦੀ ਹੈ ਤਾਂ ਜੋ ਅਜਿਹੀ ਘਟਨਾ ਦੀ ਸਮਾਜਿਕ ਬਦਨਾਮੀ ਤੋਂ ਬਚਿਆ ਜਾ ਸਕੇ ਪ੍ਰੰਤੂ ਪਾਤਰ ਮਾਰਥਾ ਇਸ ਸਾਰੇ ਘਟਨਾਕ੍ਰਮ ਨੂੰ ਬੜੀ ਸਹਿਜਤਾ ਨਾਲ ਲੈਂਦੀ ਹੈ :

> "ਫੇਰ ਤਾਂ ਵਿਆਹ ਜਲਦੀ ਕਰਨਾ ਪਵੇਗਾ ...ਤਾਂ ਕਿ ਲੋਕਾਂ ਨੂੰ ਨਾ ਪਤਾ ਲਗੇ।"
>
> "ਨਹੀਂ ਮੈਨੂੰ ਇਸ ਚੀਜ਼ ਦੀ ਪ੍ਰਵਾਹ ਨਹੀਂ। ਮੈਂ ਹਿਪੋਕ੍ਰਿਟ ਨਹੀਂ ਹਾਂ ...ਲੋਕਾਂ ਨੂੰ ਵੀ ਤੇ ਪਤਾ ਈ ਹੁੰਦੇ ਕਿ ਅਠਾਰਾਂ ਵਰ੍ਹਿਆਂ ਦੀ ਕੁੜੀ ਕਿਉਂ ਵਿਆਹ ਕਰਾਉਂਦੀ ਹੈ। ਚਰਚ ਵਿੱਚ ਰੱਬ ਦੀ ਹਜ਼ੂਰੀ ਵਿੱਚ ਵਿਆਹ ਹੋਵੇਗਾ ਕੁੜੀ ਦਾ ਪੇਟ ਭਾਵੇਂ ਵਧ ਜਾਵੇ। ...ਮੇਰੇ ਕੁਝ ਕਹਿਣ ਤੋਂ ਪਹਿਲਾ ਮੁੜ ਉਸ ਫੇਰ ਕਿਹਾ... ਨਾਲੇ ਫਰੈਂਕੀ ਵੀ ਇਸ ਵਿੱਚ ਪੂਰਾ ਹਿੱਸੇਦਾਰ ਹੈ ...ਕੱਲੀ ਕੁੜੀ ਕਿਉਂ ਝੱਲੇ ਇਹ ਸਭ ਕੁਝ....।"[46]

ਪਾਤਰ ਮਾਰਥਾ ਅਤੇ ਬਿਰਤਾਂਤਕਾਰ ਦੀ ਸੋਚ ਵਿਚਲਾ ਵਖਰੇਵਾਂ ਸਭਿਆਚਾਰਕ ਪਿਛੋਕੜ ਦੀ ਭਿੰਨਤਾ ਕਾਰਨ ਹੈ। ਬਿਰਤਾਂਤਕਾਰ ਅਜਿਹੀਆਂ ਪੂਰਬੀ ਕਦਰਾਂ-ਕੀਮਤਾਂ ਵਾਲੇ ਸਭਿਆਚਾਰ ਵਿੱਚੋਂ

ਨਿਕਲ ਕੇ ਗਈ ਹੈ ਜਿੱਥੇ ਵਿਆਹ ਤੋਂ ਪਹਿਲਾਂ ਬੱਚਾ ਪੈਦਾ ਕਰਨਾ ਵਰਜਿਤ ਅਤੇ ਅਨੈਤਿਕ ਕਾਰਜ ਮੰਨਿਆ ਜਾਂਦਾ ਹੈ। ਇਸ ਪ੍ਰਪੰਚ ਨੂੰ ਘੜਨ ਵਿੱਚ ਧਰਮ, ਸਮਾਜ-ਸਭਿਆਚਾਰ, ਇਤਿਹਾਸ, ਮਿਥਿਹਾਸ, ਰਾਜਨੀਤੀ ਆਦਿ ਸਾਰੇ ਵਰਤਾਰੇ ਇਕਮੱਤ ਅਤੇ ਸਾਮਾਨ ਦ੍ਰਿਸ਼ਟੀ ਰੱਖਦੇ ਹਨ। ਪੂਰਬੀ ਪੰਜਾਬੀ ਪ੍ਰਬੰਧ ਵਿੱਚ ਵਿਆਹ ਤੋਂ ਬਿਨਾਂ ਬੱਚਾ ਪੈਦਾ ਕਰਨ ਵਾਲੀ ਕੁਆਰੀ ਕੁੜੀ ਕਠੋਰ ਸਜ਼ਾ ਦੀ ਭਾਗੀਦਾਰ ਬਣਦੀ ਹੈ ਜਦੋਂ ਕਿ ਪੱਛਮੀ ਸਭਿਆਚਾਰ ਵਿੱਚ ਅਜਿਹੇ ਕਰਮ ਲਈ ਮੁੰਡਾ ਅਤੇ ਕੁੜੀ ਬਰਾਬਰ ਦੇ ਜ਼ਿੰਮੇਵਾਰ ਮੰਨੇ ਜਾਂਦੇ ਹਨ। ਪੱਛਮੀ ਸਭਿਆਚਾਰ ਵਿੱਚ ਮਨੁੱਖ ਦੇ ਇਸ ਕੁਦਰਤੀ ਤੇ ਨਿੱਜੀ ਹੱਕਾਂ ਨੂੰ ਬੇਲੋੜੇ ਬੰਧਨਾਂ ਵਿੱਚ ਬੰਨ੍ਹਣਾ ਬਹੁਤਾ ਉੱਚਿਤ ਨਹੀਂ ਸਮਝਿਆ ਜਾਂਦਾ ਜਿਸ ਕਰਕੇ ਉੱਥੇ ਅਕਸਰ ਮੁੰਡੇ-ਕੁੜੀਆਂ ਆਪਣੀ ਕਾਮ ਤ੍ਰਿਪਤੀ ਨੂੰ ਸੰਤੁਸ਼ਟ ਕਰਨ ਲਈ ਸਭਿਆਚਾਰਕ ਖੁੱਲ੍ਹਾਂ ਮਾਨਣ ਤੋਂ ਗੁਰੇਜ਼ ਨਹੀਂ ਕਰਦੇ। ਇਸ ਕਰਕੇ ਪਾਤਰ ਮਾਰਥਾ ਆਪਣੇ ਮੁੰਡੇ ਫਰੈਂਕੀ ਅਤੇ ਉਸਦੀ ਗਰਲ ਫ਼ਰੈਂਡ ਦੇ ਅਜਿਹੇ ਜਿਸਮਾਨੀ ਰਿਸ਼ਤੇ ਨੂੰ  ਬੜੀ ਸਹਿਜਤਾ ਨਾਲ ਸਵੀਕਾਰਦੀ ਹੈ। ਉਹ ਕਿਸੇ ਲੋਕ-ਲੱਜ ਲਈ ਫਰੈਂਕੀ ਦਾ ਵਿਆਹ ਨਹੀਂ ਕਰਨਾ ਚਾਹੁੰਦੀ ਬਲਕਿ ਇਸ ਪਿੱਛੇ ਉਸਦਾ ਮਕਸਦ ਫਰੈਂਕੀ ਨੂੰ ਆਪਣੀ ਗਰਭਵਤੀ ਗਰਲ ਫਰੈਂਡ ਪ੍ਰਤੀ ਜ਼ਿੰਮੇਵਾਰ ਬਣਾਉਣਾ ਹੈ। ਬਿਰਤਾਂਤਕਾਰ ਜਦੋਂ ਸਾਰੇ ਘਟਨਾਕ੍ਰਮ ਨੂੰ ਪੂਰਬੀ ਪ੍ਰਸੰਗ ਵਿੱਚ ਰੱਖ ਕੇ ਸੋਚਦੀ ਹੈ ਤਾਂ ਉਸਨੂੰ ਅਮਰੀਕਾ ਦੇ ਗੁਰਦਵਾਰਿਆਂ ਦੀ ਭੀੜ ਵਿੱਚ ਤੁਰੀ ਫਿਰਦੀ ਇਕ ਵਿਚਾਰੀ ਕੁੜੀ ਯਾਦ ਆਉਂਦੀ ਹੈ ਜਿਸਨੇ ਸੋਲਾਂ ਸਾਲਾਂ ਦੀ ਕੁਆਰੀ ਉਮਰੇ ਇੱਕ ਮੁੰਡੇ ਨੂੰ ਜਨਮਿਆ ਸੀ ਜਿਸਨੂੰ ਕਿਸੇ ਨੇ ਇਹ ਨਹੀਂ ਪੁੱਛਿਆ ਸੀ ਕਿ ਉਹ ਪਿਆਰ ਸੀ ਜਾਂ ਬਲਾਤਕਾਰ। ਇਸਦੀ ਸਜ਼ਾ ਉਹ ਅੱਜ ਤੱਕ ਭੁਗਤ ਰਹੀ ਹੈ। ਦਰਅਸਲ ਪੂਰਬੀ ਸਮਾਜ ਵਿੱਚ ਔਰਤ ਦੇਹ ਦੀ ਸੁਚੱਤਾ ਦਾ ਸੰਕਲਪ ਆਪਣੇ ਪ੍ਰਭਾਵੀ ਰੂਪ ਵਿੱਚ ਵਿਦਮਾਨ ਹੈ। ਧਾਰਮਿਕ ਪੱਖ ਤੋਂ ਔਰਤ ਲਈ ਵਿਆਹ ਹੋਣ ਤੱਕ ਦੇਹ ਦੀ ਸੁੱਚਤਾ ਨੂੰ ਬਰਕਰਾਰ ਰੱਖਣ ਦੀ ਸ਼ਰਤ ਨੂੰ ਕਰੜਾਈ ਨਾਲ ਲਾਗੂ ਕੀਤਾ ਜਾਂਦਾ ਹੈ। ਨਾਰੀਵਾਦੀ ਦ੍ਰਿਸ਼ਟੀ ਤੋਂ ਇਹ ਗੱਲ ਮਰਦ ਦੇ ਹੱਕ ਵਿੱਚ ਭੁਗਤਦੀ ਹੈ ਅਤੇ ਔਰਤ ਦੇ ਖ਼ਿਲਾਫ਼। ਔਰਤ ਉੱਪਰ ਦੇਹ ਦੀ ਸੁੱਚਤਾ ਨੂੰ ਬਣਾਈ ਰੱਖਣ ਦਾ ਦਬਾਅ ਹਮੇਸ਼ਾ ਬਣਿਆ ਰਹਿੰਦਾ ਹੈ। ਇਸ ਸੰਬੰਧੀ ਸੀਮੋਨ-ਦ-ਬੋਵਾਰ ਲਿਖਦੀ ਹੈ ਕਿ ਔਰਤ ਪ੍ਰਤੀ ਸਰਲ ਦ੍ਰਿਸ਼ਟੀਕੋਣ ਵਾਲੇ ਸਮਾਜਾਂ ਵਿੱਚ ਕੁੜੀਆਂ ਨੂੰ ਵੀ ਮੁੰਡਿਆਂ ਵਾਂਗ ਸੈਕਸ ਆਜ਼ਾਦੀ ਰਹਿੰਦੀ ਹੈ ਪਰ ਪਿਤਾ ਪ੍ਰਧਾਨ ਸਮਾਜ ਦੀ ਮਰਿਆਦਾ ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ ਵਿਆਹ ਸਮੇਂ ਪਤੀ ਨੂੰ ਕੁੜੀਆਂ ਕੁਆਰੀਆਂ ਪ੍ਰਾਪਤ ਹੋਣੀਆਂ ਚਾਹੀਦੀਆਂ ਹਨ। ਪਿੱਤਰ-ਸੱਤਾਮਈ ਸਮਾਜ ਵਿੱਚ ਕੁਆਰਪਨ ਦਾ ਇਕ ਨੈਤਿਕ, ਧਾਰਮਿਕ ਅਤੇ ਰਹੱਸਮਈ ਮਹੱਤਵ ਰਿਹਾ ਹੈ ਅਤੇ ਅੱਜ ਵੀ ਹੈ।[47] ਧਰਮ ਨੇ ਔਰਤ ਅੰਦਰ ਹੀ ਅਪਰਾਧ ਭਾਵਨਾ

ਪੈਦਾ ਕਰਕੇ ਉਸਨੂੰ ਨਿਸ਼ਬਦ, ਚੁੱਪ ਅਤੇ ਮੌਨ ਬਣਾ ਦਿੱਤਾ ਹੈ। ਇਸੇ ਸੰਦਰਭ ਵਿੱਚ ਡਾ. ਹਰਚੰਦ ਸਿੰਘ ਬੇਦੀ ਦੀ ਇਹ ਟਿੱਪਣੀ ਦੇਣੀ ਵੀ ਸਾਰਥਿਕ ਜਾਪਦੀ ਹੈ :

> ਸਾਰੇ ਧਰਮਾਂ ਦੀ ਟੈਕਸਟ ਔਰਤ ਦੇ ਵਿਰੋਧ ਵਿੱਚ ਖੜ੍ਹੀ ਹੈ ਅਤੇ ਔਰਤ ਦੇ ਚਰਿਤਰ, ਵਿਹਾਰ ਤੇ ਚਿੰਤਨ ਬਾਰੇ ਸਾਡੀਆਂ ਸਾਰੀਆਂ ਵਿਰਾਸਤੀ ਤੇ ਧਰਮ ਕੇਂਦ੍ਰਿਤ ਪੁਸਤਕਾਂ ਨਿੰਦਨੀ ਅਤੇ ਘ੍ਰਿਣਾਤਮਕ ਸੁਰ ਹੀ ਧਾਰਨ ਕਰੀ ਬੈਠੀਆਂ ਹਨ।[48]

ਔਰਤ ਪ੍ਰਤੀ ਧਰਮ ਦੇ ਸੰਕੁਚਿਤ ਅਤੇ ਸੰਕੀਰਣ ਨਜ਼ਰੀਏ ਕਾਰਨ ਹੀ ਬੱਚਾ ਪੈਦਾ ਕਰਨ ਵਾਲੀ ਕੁਆਰੀ ਕੁੜੀ, ਘਰ, ਪਰਿਵਾਰ ਅਤੇ ਸਮਾਜ-ਸਭਿਆਚਾਰ ਵਿੱਚ ਨਿਖੇਧ, ਨਫ਼ਰਤ ਤੇ ਅਵਹੇਲਣਾ ਦੀ ਪਾਤਰ ਬਣਾ ਦਿੱਤੀ ਜਾਂਦੀ ਹੈ। ਉਸਨੂੰ ਹੀਣ ਭਾਵਨਾ ਨਾਲ ਦਬਾਇਆ ਜਾਂਦਾ ਹੈ ਭਾਵੇਂ ਉਹ ਬੇਗੁਨਾਹ ਹੀ ਕਿਉਂ ਨਾ ਹੋਵੇ। ਤ੍ਰਾਸਦੀ ਇਹ ਹੈ ਕਿ ਕਰੜੇ ਨੈਤਿਕ ਬੰਧਨਾਂ ਵਾਲੇ ਸਮਾਜ ਵਿੱਚ ਉਹ ਆਪਣੀ ਬੇਗੁਨਾਹੀ ਸਾਬਤ ਕਿਵੇਂ ਕਰੇ। ਬਿਰਤਾਂਤਕਾਰ ਉਸ ਮਜ਼ਲੂਮ ਕੁੜੀ ਦੇ ਦਰਦ ਨੂੰ ਮਹਿਸੂਸਦੀ ਹੈ ਅਤੇ ਚਾਹੁੰਦੀ ਹੈ ਕਿ ਉਹ ਆਪਣੇ ਅੰਦਰਲੇ ਰੋਹ ਨੂੰ ਪ੍ਰਗਟ ਕਰਦੀ ਹੋਈ ਆਪਣੇ ਸੱਚ ਲਈ ਵੰਗਾਰ ਬਣੇ ਅਤੇ ਆਪਣੇ ਗੁਨਾਹ ਦੇ ਹਿੱਸੇਦਾਰ ਨੂੰ ਵੀ ਬਰਾਬਰ ਦੀ ਸਜ਼ਾ ਦਿਵਾਏ, ਪ੍ਰੰਤੂ ਛੇਤੀ ਹੀ ਉਸਦਾ ਆਤਮ ਵਿਸ਼ਵਾਸ ਡੋਲ ਜਾਂਦਾ ਹੈ ਕਿਉਂਕਿ ਉਸ ਕੁੜੀ ਲਈ ਸਮੁੱਚੇ ਸਮਾਜਿਕ ਪ੍ਰਬੰਧ ਨਾਲ ਟੱਕਰ ਲੈਣਾ ਵੱਸੋਂ ਬਾਹਰ ਕਾਰਜ ਹੈ। ਪਿੱਤਰ ਸੱਤਾਤਮਕ ਸੰਸਥਾਵਾਂ ਦੀ ਪੀਢੀ ਪਕੜ ਸਾਹਮਣੇ ਬੇਵੱਸ, ਲਾਚਾਰ ਕੁੜੀ ਦਾ ਅਸਤਿਤਵ ਸਮਰਪਣ ਲਈ ਮਜ਼ਬੂਰ ਹੋ ਜਾਂਦਾ ਹੈ। ਧਰਮ ਮਨੁੱਖੀ ਮਾਨਸਿਕਤਾ ਨੂੰ ਇਸ ਤਰ੍ਹਾਂ ਆਪਣੇ ਵਲਾਵੇ ਵਿੱਚ ਲੈ ਲੈਂਦਾ ਹੈ ਕਿ ਉਸ ਵਿੱਚੋਂ ਬਾਹਰ ਨਿਕਲਣਾ ਸਾਧਾਰਨ ਮਨੁੱਖ ਲਈ ਬਹੁਤ ਕਠਿਨ ਹੈ। ਇਸੇ ਲਈ ਬਿਰਤਾਂਤਕਾਰ ਨੂੰ ਲੱਗਦਾ ਹੈ:

> ...ਜਿਵੇਂ ਮੈਂ ਆਪ ਤਾਂ ਰੀਤਾਂ ਰਿਵਾਜਾਂ ਵਿੱਚੋਂ ਨਿਕਲ ਗਈ ਹੋਵਾਂ ਪਰ ਰੀਤੀ ਰਿਵਾਜ ਮੇਰੇ ਅੰਦਰੋ ਨਹੀਂ ਨਿਕਲ ਸਕੇ।[49]

ਪਾਤਰ ਮਾਰਥਾ ਦੀ ਉਦਾਰਵਾਦੀ ਸੋਚ ਦੇ ਨਿਸਬਤਨ ਬਿਰਤਾਂਤਕਾਰ ਦੀ ਸੋਚ ਪਿੱਤਰਕੀ ਪ੍ਰਬੰਧ ਦੇ ਨਿਰਧਾਰਿਤ ਦਾਇਰੇ ਵਿੱਚ ਹੀ ਉਲਝੀ ਹੋਈ ਹੈ। ਇਸੇ ਲਈ ਤਾਂ ਬਿਰਤਾਂਤ ਦੇ ਅੰਤ ਵਿੱਚ ਜਦੋਂ ਪਾਤਰ ਮਾਰਥਾ ਉਸਨੂੰ ਪੁੱਛਦੀ ਹੈ ਕਿ ਉਹ ਵੀ ਆਪਣੇ ਅਮਰੀਕੀ ਸਮਾਜ ਵਿੱਚ ਜੰਮੇ-ਪਲੇ ਬੱਚਿਆਂ ਨੂੰ ਫਰੈਂਕੀ ਵਾਂਗ ਪ੍ਰਾਕ੍ਰਿਤਕ ਖੁੱਲ੍ਹਾਂ ਮਾਣਨ ਦੀ ਇਜ਼ਾਜਤ ਦੇ ਸਕਦੀ ਹੈ ਤਾਂ ਮਾਰਥਾ ਦੁਆਰਾ ਪੁੱਛੇ ਸਵਾਲ ਨਾਲ ਬਿਰਤਾਂਤਕਾਰ ਦੀ ਚੇਤੰਨਤਾ ਸੁੰਨ ਹੋ ਜਾਂਦੀ ਹੈ। ਬਿਰਤਾਂਤਕਾਰ ਭਾਵੇਂ ਵਿਅਕਤੀਗਤ ਆਜ਼ਾਦੀ ਦੀ ਪ੍ਰੋੜਤਾ ਕਰਨ ਵਾਲੇ

ਪੱਛਮੀ ਸਭਿਆਚਾਰ ਦਾ ਹਿੱਸਾ ਬਣ ਚੁੱਕੀ ਹੈ, ਪ੍ਰੰਤੂ ਉਸਦੀ ਪਿੱਤਰੀ ਮਾਨਸਿਕਤਾ ਦੀਆਂ ਜੜ੍ਹਾਂ ਪੂਰਬੀ ਸਭਿਆਚਾਰ ਵਿਚਲੀਆਂ ਧਾਰਣਾਵਾਂ ਨਾਲ ਜੁੜੀਆਂ ਹੋਈਆਂ ਹਨ।

ਏਸੇ ਹੀ ਪ੍ਰਸੰਗ ਵਿੱਚ ਕਹਾਣੀ 'ਰੂਹ ਦੇ ਹਾਣ ਦਾ' ਵਿਚਾਰੀ ਜਾ ਸਕਦੀ ਹੈ। ਕਹਾਣੀ ਦੀ ਕੇਂਦਰੀ ਪਾਤਰ ਇੱਕ ਅਮਰੀਕਨ ਲੜਕੀ ਸ਼ੈਰਨ ਹੈ ਜਿਹੜੀ ਅਠਾਰਾਂ ਵਰ੍ਹਿਆਂ ਦੀ ਅਣਵਿਆਹੀ, ਦੋ ਜੋੜੇ ਬੱਚਿਆਂ ਦੀ ਮਾਂ ਹੈ। ਪਾਤਰ ਸ਼ੈਰਨ ਦੀ ਮਾਂ ਮਿੱਕੀ ਬਿਰਤਾਂਤਕਾਰ ਪਰਵਾਸੀ ਪੰਜਾਬੀ ਨਾਰੀ ਦੀ ਸਹੇਲੀ ਹੈ। ਸ਼ੈਰਨ ਦਾ ਕੁਆਰੀ ਮਾਂ ਬਣਨਾ ਅਤੇ ਵਿਆਹ ਤੋਂ ਬਿਨਾਂ ਆਪਣੇ ਬੁਆਏ ਫ਼ਰੈਂਡ ਨਾਲ ਜਿਸਮਾਨੀ ਰਿਸ਼ਤਾ ਜੋੜ ਕੇ ਇੱਕਠਿਆਂ ਰਹਿਣਾ ਬਿਰਤਾਂਤਕਾਰ ਨੂੰ ਗ਼ੈਰ-ਸਭਿਆਚਾਰਕ ਤੇ ਅਨੈਤਿਕ ਲੱਗਦਾ ਹੈ। ਉਹ ਆਪਣੀ ਪੂਰਬੀ ਪਿੱਤਰੀ ਸਭਿਆਚਾਰਕ ਸੋਚ ਮੁਤਾਬਕ ਪਾਤਰ ਸ਼ੈਰਨ ਨੂੰ ਵਿਆਹ ਕਰਵਾ ਕੇ ਸਮਾਜਿਕ ਮੁੱਲਾਂ ਮੁਤਾਬਕ ਜੀਵਨ ਜਿਊਣ ਦੀ ਸਲਾਹ ਦਿੰਦੀ ਹੈ। ਬਿਰਤਾਂਤਕਾਰ ਲਈ ਵਿਆਹ ਪਰਿਵਾਰ ਦੀ ਸੰਰਚਨਾ ਦਾ ਮੂਲ ਆਧਾਰ ਹੈ। ਪੰਜਾਬੀ ਸਭਿਆਚਾਰ ਵਿੱਚ ਵਿਆਹ ਤੋਂ ਪਹਿਲਾ ਕੁਆਰੇਪਣ ਅਤੇ ਸੁੱਚਵਾਦ ਦੀਆਂ ਧਾਰਨਾਵਾਂ ਮੌਜੂਦ ਹੋਣ ਕਾਰਨ ਵਿਆਹ ਤੋਂ ਬਿਨਾਂ ਪੈਦਾ ਹੋਈ ਔਲਾਦ ਨੂੰ ਘ੍ਰਿਣਾ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਂਦਾ ਹੈ ਜਦੋਂ ਕਿ ਪੱਛਮੀ ਸਭਿਆਚਾਰ ਵਿੱਚ ਉਕਤ ਮੁੱਲਾਂ ਲਈ ਕੋਈ ਜਗ੍ਹਾਂ ਨਹੀਂ ਹੈ, ਉੱਥੇ ਬੱਚੇ ਪੈਦਾ ਕਰਨ ਲਈ ਵਿਆਹ ਹੀ ਆਖਰੀ ਸ਼ਰਤ ਨਹੀਂ ਹੈ। ਵਿਆਹ ਤੋਂ ਬਿਨਾਂ ਬੱਚੇ ਪੈਦਾ ਕਰਨਾ ਅਤੇ ਸਿੰਗਲ ਮਾਂ ਆਦਿ ਰੁਝਾਨ ਪੱਛਮੀ ਦੇਸ਼ਾਂ ਵਿੱਚ ਆਮ ਵਰਤਾਰਾ ਹੈ। ਪਾਤਰ ਸ਼ੈਰਨ ਲਈ ਵਿਆਹ ਦੇ ਮਾਇਨੇ ਬਿਰਤਾਂਤਕਾਰ ਦੀ ਸੋਚ ਤੋਂ ਵੱਖਰੇ ਹਨ। ਜਦੋਂ ਬਿਰਤਾਂਤਕਾਰ ਸ਼ੈਰਨ ਤੋਂ ਉਸਦੇ ਬੱਚਿਆਂ ਦੇ ਬਾਪ ਅਤੇ ਉਸ ਨਾਲੋਂ ਰਿਸ਼ਤਾ ਤੋੜਨ ਬਾਰੇ ਪੁੱਛਦੀ ਹੈ ਤਾਂ ਪਾਤਰ ਸ਼ੈਰਨ ਬੜੀ ਸਹਿਜਤਾ ਨਾਲ ਆਪਣੀ ਸੋਚ ਨੂੰ ਅਭਿਵਿਅਕਤ ਕਰਦੀ ਕਹਿੰਦੀ ਹੈ :

> "...ਜੇ ਅਸੀ ਇਕ ਦੂਜੇ ਨੂੰ ਸਰੀਰਕ ਤੌਰ ਤੇ ਸੰਤੁਸ਼ਟ ਨਹੀਂ ਕਰ ਸਕਦੇ ਤਾਂ ਕਿ ਫਾਇਦਾ ਇਸ ਰਿਲੇਸ਼ਨਸ਼ਿਪ ਦਾ ...ਵਾਏ ਵੇਸਟ ਆਵਰ ਲਾਈਫ਼।"
> "ਉਂਜ ਵੀ ਸਾਡੇ ਵਿੱਚ ਇੱਕ ਦੂਜੇ ਲਈ ਕੋਈ ਅਟਰੈਕਸ਼ਨ ਨਹੀਂ ਰਹੀ ...ਨੌਂ ਅਟਰੈਕਸ਼ਨ ਫਾਰ ਈਚ ਆਦਰ।"
> "ਅੱਜ ਕਲ੍ਹ ਮੇਰੀ ਜ਼ਿੰਦਗੀ ਵਿੱਚ ਇਕ ਹੋਰ ਮੁੰਡਾ ਆਇਆ ਹੈ, ਮੈਂ ਉਸ ਨਾਲ ਕੁਝ ਚਿਰ ਰਹਿ ਕੇ ਦੇਖਾਂਗੀ ...ਉਸਦੇ ਸੁਭਾਅ ਨੂੰ ਪਛਾਣ ਕੇ ਫੇਰ ਸੋਚਾਂਗੀ ...ਆਈ ਡੌਂਟ ਵਾਂਟ ਟੂ ਬੀ ਕੁਮਿਟਿਡ ਇਫ਼ ਆਈ ਡੌਂਟ ਨੋਅ ਦਾ ਪਰਸਨ ਦੈਟ ਵੈਲ...।"[50]

ਕਹਾਣੀਕਾਰ ਇੱਥੇ ਅੰਗਰੇਜ਼ ਔਰਤ ਪਾਤਰ ਸ਼ੈਰਨ ਦੇ ਵਿਆਹ, ਲਿੰਗਕ ਸੰਬੰਧ, ਕਾਮੁਕਤਾ ਅਤੇ ਕਾਮ ਸੰਤੁਸ਼ਟੀ ਆਦਿ ਸੰਬੰਧੀ ਵਿਚਾਰਾਂ ਨੂੰ ਭਾਰਤੀ ਪੰਜਾਬੀ ਪਿੱਤਰੀ ਵਿਆਹ ਸੰਸਥਾ ਦੇ ਤੁਲਨਾਤਮਕ ਪਰਿਪੇਖ ਵਿੱਚ ਰੱਖ ਕੇ ਪੱਛਮੀ ਸਭਿਆਚਾਰ ਦੇ ਮਾਨਵਪੱਖੀ ਪ੍ਰਸੰਗ ਨੂੰ ਉਘਾੜ ਰਹੀ ਹੈ। ਪਿੱਤਰਸੱਤਾਤਮਕ ਸਮਾਜਾਂ ਵਿੱਚ ਔਰਤ ਦੀ ਕਾਮੁਕਤਾ ਨੂੰ ਮਰਦ ਦੇ ਸੰਦਰਭ ਵਿੱਚ ਰੱਖ ਕੇ ਦੇਖਿਆ ਜਾਂਦਾ ਹੈ। ਉੱਤਰ-ਸੰਰਚਨਾਵਾਦੀ ਨਾਰੀਵਾਦੀ ਚਿੰਤਕ ਲੂਸੀ ਇਰਿਗੈਰੇ ਦਾ ਵਿਚਾਰ ਹੈ ਕਿ 'ਇਸਤਰੀ ਦੀ ਕਾਮੁਕਤਾ ਦੀ ਧਾਰਣਾ ਪੁਰਸ਼ਵਾਦੀ ਮਾਪਦੰਡਾਂ ਅਨੁਸਾਰ ਤੈਅ ਹੁੰਦੀ ਰਹੀ ਹੈ। ਜਦੋਂ ਕਿ ਇਸਤਰੀ ਦੇ ਕਾਮੁਕ ਆਨੰਦ, ਉਸਦੇ ਸਰੀਰਕ ਆਨੰਦ ਦਾ ਅਰਥਸ਼ਾਸਤਰ ਇਕਦਮ ਭਿੰਨ ਕਿਸਮ ਦਾ ਹੁੰਦਾ ਹੈ। ਇਸ ਲਈ ਇਸਤਰੀ ਦੀਆਂ ਇੱਛਾਵਾਂ ਨੂੰ ਮਰਦ ਦੇ ਨਜ਼ਰੀਏ ਤੋਂ ਨਹੀਂ ਦੇਖਣਾ ਚਾਹੀਦਾ। ਬਲਕਿ ਇਸਤਰੀ ਦੇ ਨਜ਼ਰੀਏ ਤੋਂ ਦੇਖਣਾ ਚਾਹੀਦਾ ਹੈ।'[51] ਔਰਤ ਵੀ ਮਰਦ ਵਾਂਗ ਕਾਮੁਕ ਆਨੰਦ ਦੀ ਚਰਮ ਸੀਮਾ ਤੱਕ ਪਹੁੰਚਣਾ ਲੋਚਦੀ ਹੈ। ਅੱਜ ਪੱਛਮੀ ਸਮਾਜ ਵਿੱਚ ਆਪਣੇ ਹੱਕਾਂ ਪ੍ਰਤੀ ਜਾਗਰੂਕ ਨਾਰੀ ਮਰਦ ਨਾਲ ਆਪਣੇ ਕਾਮੁਕ ਰਿਸ਼ਤੇ ਨੂੰ ਆਪਣੇ ਦ੍ਰਿਸ਼ਟੀਕੋਣ ਤੋਂ ਦੇਖਦੀ ਹੋਈ ਆਪਣੀ ਨਿੱਜੀ ਇੱਛਾ ਨੂੰ ਤਵੱਜੋਂ ਦੇ ਰਹੀ ਹੈ। ਦੂਜੇ ਪਾਸੇ ਪੂਰਬੀ ਸਮਾਜ ਵਿੱਚ ਔਰਤ-ਮਰਦ ਆਪਣੀ ਕਾਮੁਕ ਇੱਛਾਵਾਂ ਦੀ ਪੂਰਤੀ ਪਿੱਤਰੀ ਵਿਆਹ ਸੰਸਥਾ ਰਾਹੀਂ ਹੀ ਕਰ ਸਕਦੇ ਹਨ। ਵਿਆਹ ਦੇ ਪ੍ਰਸੰਗ ਵਿੱਚ ਵੀ ਮਰਦ ਦੀ ਕਾਮ ਸੰਤੁਸ਼ਟੀ ਨੂੰ ਹੀ ਅਹਿਮੀਅਤ ਦਿੱਤੀ ਜਾਂਦੀ ਹੈ ਅਤੇ ਨਾਰੀ ਕਾਮੁਕਤਾ ਨੂੰ ਪੁਰਸ਼ ਸੰਦਰਭ ਵਿੱਚ ਹੀ ਨਿਰਮਿਤ ਕੀਤਾ ਜਾਂਦਾ ਹੈ। ਪਿੱਤਰ ਸੱਤਾਤਮਕ ਸੰਸਥਾਵਾਂ ਦੁਆਰਾ ਨਾਰੀ ਦੀ ਕਾਮੁਕ ਸੰਤੁਸ਼ਟੀ ਨੂੰ ਪਤੀ ਦੇ ਕਾਮ ਆਨੰਦ ਦੀ ਸੰਤੁਸ਼ਟੀ ਨਾਲ ਜੋੜਦਿਆਂ ਬੱਚੇ ਪੈਦਾ ਕਰਨ ਤੱਕ ਸੀਮਤ ਕਰ ਦਿੱਤਾ ਗਿਆ ਹੈ। ਇਸ ਪ੍ਰਵਚਨ ਕਾਰਨ ਸੰਭੋਗ ਪ੍ਰਕ੍ਰਿਆ ਦੌਰਾਨ ਨਾਰੀ ਆਪਣੀ ਕਾਮੁਕਤਾ ਨੂੰ ਦਬਾਉਂਦੀ ਹੋਈ ਨਿਸ਼ਕ੍ਰਿਅਤਾ ਗ੍ਰਹਿਣ ਕਰਦੀ ਹੈ। ਇਸ ਧਾਰਨਾ ਦੇ ਉਲਟ ਪੱਛਮੀ ਦੇਸ਼ਾਂ ਵਿੱਚ ਕਾਮ ਸੰਬੰਧਾਂ ਵਿੱਚ ਔਰਤ-ਮਰਦ ਦੀ ਬਰਾਬਰ ਸਹਿਭਾਗਤਾ ਦਾ ਸੰਕਲਪ ਵਿਦਮਾਨ ਹੈ। ਬਿਰਤਾਂਤ ਵਿੱਚ ਸ਼ੈਰਨ ਇਸੇ ਸੋਚ ਦੀ ਮੁੱਦਈ ਹੋਣ ਕਾਰਨ 'ਨਾਰੀ ਕਾਮੁਕਤਾ' ਨੂੰ ਕੇਵਲ ਬੱਚੇ ਪੈਦਾ ਕਰਨ ਦੇ ਪ੍ਰਯੋਜਨ ਤੋਂ ਵੱਖ ਕਰਕੇ ਵੇਖਦੀ ਹੋਈ ਇਸਨੂੰ ਜ਼ਿੰਦਗੀ ਦੇ ਇੱਕ ਸੁੱਖ ਵਜੋਂ ਚਿਤਵਦੀ ਹੈ।

'ਵੇਲਾਂ, ਰੁੱਖ ਤੇ ਰਿਸ਼ਤੇ' ਕਹਾਣੀ ਪੱਛਮੀ ਔਰਤ ਪਾਤਰ ਕੈਥੀ ਅਤੇ ਪੰਜਾਬੀ ਔਰਤ ਪਾਤਰ ਜਗੀਰਾਂ ਦੇ ਵਿਆਹ ਸੰਸਥਾ ਅਤੇ ਪਤੀ-ਪਤਨੀ ਦੇ ਰਿਸ਼ਤੇ ਸੰਬੰਧੀ ਦੋ ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਨੂੰ ਪੇਸ਼ ਕਰਦੀ ਹੈ। ਪਾਤਰ ਕੈਥੀ ਇੱਕ ਅਮਰੀਕਨ ਔਰਤ ਹੈ ਜਿਹੜੀ ਆਪਣੇ ਤੇਰ੍ਹਾਂ ਵਰ੍ਹਿਆਂ ਦੇ ਵਿਆਹ ਬੰਧਨ ਨੂੰ ਤੋੜ ਕੇ ਚਿੰਤਾਮੁਕਤ, ਖ਼ੁਸ਼ ਅਤੇ ਸ਼ਾਂਤ ਹੈ। ਆਪਣੇ ਪਤੀ ਨੂੰ ਡਾਇਵੋਰਸ ਦੇ ਕੇ ਪਾਤਰ ਕੈਥੀ ਆਪਣੇ ਆਪ ਨੂੰ ਭਾਰ ਮੁਕਤ ਮਹਿਸੂਸ ਕਰਦੀ ਹੈ। ਬਿਰਤਾਂਤ ਵਿੱਚ ਪਾਤਰ ਕੈਥੀ ਦੀ ਰਿਸ਼ਤਿਆਂ ਪ੍ਰਤੀ

ਤਾਰਕਿਕ ਪਹੁੰਚ ਦ੍ਰਿਸ਼ਟੀ ਉੱਭਰ ਕੇ ਸਾਹਮਣੇ ਆਉਂਦੀ ਹੈ। ਕੈਥੀ ਆਪਣੀ ਸੋਚ ਨੂੰ ਬਿਰਤਾਂਤਕਾਰ ਨਾਲ ਸਾਂਝੀ ਕਰਦਿਆਂ ਕਹਿੰਦੀ ਹੈ :

> "...ਜਿਹੜੇ ਰਿਸ਼ਤਿਆਂ ਵਿੱਚ ਸਦਾ ਪੀੜ ਰਿਸਦੀ ਰਹੇ ਉਨ੍ਹਾਂ ਦਾ ਟੁੱਟ ਜਾਣਾ ਹੀ ਠੀਕ ਹੁੰਦੈ...।"
>
> "ਜਿਸ ਰਿਸ਼ਤੇ ਵਿੱਚ ਰੂਹ ਨੂੰ ਸਕੂਨ ਨਹੀਂ ਤੂੰ ਦੱਸ ਇਉਂ ਇਨਸਾਨ ਕਦੋਂ ਕੁ ਤੱਕ ਜਿਉਂ ਸਕਦੈ ...ਅਜਿਹੇ ਰਿਸ਼ਤਿਆਂ ਵਿੱਚ ਇਨਸਾਨ ਨਾ ਆਪਣੇ ਆਪ ਨਾਲ ਵਫ਼ਾ ਕਰ ਸਕਦੈ ਤੇ ਨਾ ਆਪਣੇ ਸਾਥੀ ਨਾਲ...।"
>
> "...ਤੂੰ ਅੱਜ ਨਹੀਂ ਸਮਝ ਰਹੀ ਮੇਰੀ ਗੱਲ ਪਰ ਮੈਂ ਤੈਨੂੰ ਇੰਨਾ ਜਰੂਰ ਦੱਸ ਦੇਣਾ ਚਾਹੁੰਦੀ ਆਂ ਕਿ ਕਈ ਸੰਬੰਧ ਅਜਿਹੇ ਵੀ ਤਾਂ ਹੁੰਦੇ ਨੇ ਜਿਹੜੇ ਪਲ ਪਲ ਬੰਦੇ ਦਾ ਸਾਹ ਘੁਟਦੇ ਰਹਿੰਦੇ ਨੇ...।"[52]

ਦੂਜੇ ਪਾਸੇ ਪੂਰਬੀ ਔਰਤ ਪਾਤਰ ਜਗੀਰਾਂ ਦੀ ਸੋਚ ਪਾਤਰ ਕੈਥੀ ਦੀ ਸੋਚ ਤੋਂ ਪੂਰੀ ਤਰ੍ਹਾਂ ਉਲਟ ਦਿਸ਼ਾ ਵਿੱਚ ਖੜ੍ਹੀ ਹੈ। ਵਿਆਹ ਤੋਂ ਬਾਅਦ ਅਮਰੀਕਾ ਵਿੱਚ ਰਹਿ ਰਹੀ ਪਾਤਰ ਜਗੀਰਾਂ ਨੂੰ ਜਦੋਂ ਇਹ ਪਤਾ ਲੱਗਦਾ ਹੈ ਕਿ ਉਸਦਾ ਪਤੀ ਤੀਰਥ ਕਿਸੇ ਹੋਰ ਔਰਤ ਨੂੰ ਪ੍ਰੇਮ ਕਰਦਾ ਹੈ ਅਤੇ ਉਸ ਨਾਲ ਆਪਣੀ ਜ਼ਿੰਦਗੀ ਬਿਤਾਉਣਾ ਚਾਹੁੰਦਾ ਹੈ ਤਾਂ ਜਗੀਰਾਂ ਮਾਨਸਿਕ ਤਣਾਉ ਦੀ ਸ਼ਿਕਾਰ ਹੋ ਜਾਂਦੀ ਹੈ। ਜਗੀਰਾਂ ਦੇ ਦੁੱਖ ਨੂੰ ਦੇਖ ਕੇ ਬਿਰਤਾਂਤਕਾਰ ਉਸਨੂੰ ਤੀਰਥ ਨੂੰ ਤਲਾਕ ਦੇ ਕੇ ਆਪਣੀ ਮਨਇੱਛਿਤ ਅਤੇ ਆਜ਼ਾਦ ਜ਼ਿੰਦਗੀ ਜਿਊਣ ਦੀ ਸਲਾਹ ਦਿੰਦੀ ਹੈ ਪਰ ਪੂਰਬੀ ਕਦਰਾਂ-ਕੀਮਤਾਂ ਵਾਲੀ ਸੋਚ ਨੂੰ ਪ੍ਰਣਾਈ ਪਾਤਰ ਜਗੀਰਾਂ ਲਈ ਇਹ ਸੁਝਾਅ ਨੂੰ ਸਵੀਕਾਰਨਾ ਬਹੁਤ ਔਖਾ ਹੈ। ਉਹ ਬਿਰਤਾਂਤਕਾਰ ਨੂੰ ਆਪਣਾ ਤਰਕ ਦਿੰਦੀ ਆਖਦੀ ਹੈ:

> "ਨਾ ਭੈਣ ਮੇਰੀਏ ...ਲੋਕੀ ਕੀ ਕਹਿਣਗੇ ਕਿ ਇਹਦੇ ਬੰਦੇ ਨੂੰ ਕੋਈ ਦੂਜੀ ਜਨਾਨੀ ਲੈ ਗਈ।"
>
> "...ਮੈਂ ਵੀ ਮਾਂ ਦੀ ਧੀ ਨਈਂ ਆਪਣੀ ਚੀਜ਼ ਨੂੰ ਐਵੇਂ ਕਿਸੇ ਦੇ ਹੱਥ ਫੜਾ ਦਿਆਂ ...ਮੈਂ ਵੀ ਇਹਦੇ ਨਾਲ ਲਾਵਾਂ ਲੈ ਕੇ ਆਈ ਹਾਂ ਨਿਕਲ ਕੇ ਤਾਂ ਨਹੀਂ ਆਈ।"
>
> "ਤਲਾਕ ਤਾਂ ਭੈਣੇ ਸਾਡੀਆਂ ਪੁਸ਼ਤਾਂ ਵਿੱਚ ਨਈਂ ਹੋਇਆ ਹੁਣ ਮੈਂ ਆਪਣੇ ਖਾਨਦਾਨ ਨੂੰ ਲਾਜ ਲਾਵਾਂ।"[53]

ਕਹਾਣੀਕਾਰ ਇੱਥੇ ਪੂਰਬੀ ਅਤੇ ਪੱਛਮੀ ਔਰਤ ਦੀਆਂ ਸਮਰੂਪ ਅਤੇ ਸਮਾਨਾਂਤਰ ਜੀਵਨ ਪ੍ਰਸਥਿਤੀਆਂ ਸਿਰਜਦੀ ਹੋਈ ਦੋਹਾਂ ਦੇ ਚਰਿਤਰ ਅਤੇ ਚਿੰਤਨ ਦਾ ਤੁਲਨਾਤਮਕ ਪ੍ਰਸੰਗ ਪੇਸ਼ ਕਰ ਰਹੀ ਹੈ। ਪਾਤਰ

ਜਗੀਰਾਂ ਦੇ ਨਿਸਬਤਨ ਪਾਤਰ ਕੈਥੀ ਰਿਸ਼ਤਿਆਂ ਨੂੰ ਵੱਡੇ ਪਰਿਪੇਖ ਅਤੇ ਵੱਖਰੇ ਜਾਵੀਏ ਤੋਂ ਦੇਖਦੀ ਹੈ। ਉਹ ਅਜਿਹੇ ਰਿਸ਼ਤੇ ਨੂੰ ਬੇਅਰਥ ਅਤੇ ਬੇਬੁਨਿਆਦ ਮੰਨਦੀ ਹੋਈ ਇਹਨਾਂ ਦੇ ਟੁੱਟਣ ਵਿੱਚ ਹੀ ਭਲਾਈ ਸਮਝਦੀ ਹੈ ਜਿਸ ਵਿੱਚ ਆਪਸੀ ਪਿਆਰ ਅਤੇ ਵਿਸ਼ਵਾਸ ਖ਼ਤਮ ਹੋ ਜਾਵੇ। ਜਦੋਂ ਕੈਥੀ ਨੂੰ ਅਹਿਸਾਸ ਹੁੰਦਾ ਹੈ ਕਿ ਉਸਦਾ ਆਪਣੇ ਪਤੀ ਨਾਲ ਰਿਸ਼ਤਾ ਸੁਖਾਵਾਂ ਨਹੀਂ ਰਿਹਾ ਤਾਂ ਉਹ ਅਜਿਹੇ ਖੜੋਤ ਵਾਲੇ ਸੰਬੰਧਾਂ ਨੂੰ ਤੋੜਦੀ ਹੋਈ ਆਪਣੀ ਜ਼ਿੰਦਗੀ ਵਿੱਚ ਅੱਗੇ ਵੱਧਣ ਨੂੰ ਤਰਜੀਹ ਦਿੰਦੀ ਹੈ। ਦੂਜੇ ਪਾਸੇ ਪਾਤਰ ਜਗੀਰਾਂ ਲਈ ਪਤੀ-ਪਤਨੀ ਦਾ ਸੰਬੰਧ ਧੁਰੋਂ ਲਿਖਿਆ ਸੰਯੋਗ ਹੈ ਅਤੇ ਪਤੀ ਨੂੰ ਤਲਾਕ ਦੇਣਾ ਉਸ ਲਈ ਖਾਨਦਾਨ ਦੀ ਇੱਜ਼ਤ ਨੂੰ ਦਾਗ਼ ਲਾਉਣ ਦੇ ਬਰਾਬਰ ਹੈ। ਅਸਲ ਵਿੱਚ ਉਹ ਜਿਸ ਸਭਿਆਚਾਰਕ ਪਿਛੋਕੜ ਨਾਲ ਸੰਬੰਧ ਰੱਖਦੀ ਹੈ, ਉੱਥੇ ਮਨੂੰ ਸਮ੍ਰਿਤੀ ਦੁਆਰਾ ਪਤਨੀ ਨੂੰ ਇਹੀ ਸਿਖਾਇਆ ਜਾਂਦਾ ਹੈ ਕਿ ਜੇਕਰ ਪਤੀ ਦੂਸਰੀ ਔਰਤ ਨਾਲ ਪ੍ਰੀਤ ਰੱਖਦਾ ਹੋਵੇ ਅਥਵਾ ਗੁਣਹੀਣ ਹੋਵੇ ਤਾਂ ਵੀ ਪਤੀਬਰਤਾ ਇਸਤਰੀ ਹਮੇਸ਼ਾ ਲਈ ਉਸਦੀ ਸੇਵਾ ਕਰੇ।[54] ਪਿੱਤਰੀ ਧਾਰਣਾਵਾਂ ਦੀ ਪਾਲਣਾ ਕਰਨ ਵਾਲੀ ਪਾਤਰ ਜਗੀਰਾਂ ਲਈ ਵਿਆਹ, ਲਾਵਾਂ ਅਤੇ ਪਤੀ ਦੇ ਅਰਥ ਬਹੁਤ ਮਹੱਤਵਪੂਰਨ ਹਨ ਅਤੇ ਇਹਨਾਂ ਨੂੰ ਹੀ ਉਹ ਆਪਣੀ ਪਛਾਣ ਦਾ ਆਧਾਰ ਅਤੇ ਜ਼ਿੰਦਗੀ ਦੀ ਬੁਨਿਆਦ ਮੰਨਦੀ ਹੈ। ਉਹ ਕਿਸੇ ਵੀ ਕੀਮਤ 'ਤੇ ਤਲਾਕ ਲੈਣ ਦੇ ਹੱਕ ਵਿੱਚ ਨਹੀਂ। ਦਰਅਸਲ ਪਿੱਤਰੀ ਸਮਾਜਿਕ ਪ੍ਰਬੰਧ ਤਲਾਕਸ਼ੁਦਾ ਔਰਤ ਨੂੰ 'ਛੁੱਟੜ' ਔਰਤ ਕਹਿ ਕੇ ਉਸ ਪ੍ਰਤੀ ਨਕਾਰਾਤਮਕ ਰਵੱਈਆ ਅਖ਼ਤਿਆਰ ਕਰ ਲੈਂਦਾ ਹੈ। ਬਿਰਤਾਂਤਕਾਰ ਪਾਤਰ ਜਗੀਰਾਂ ਦੀ ਅਜਿਹੀ ਪ੍ਰੰਪਰਕ ਰੂੜ੍ਹੀਵਾਦੀ ਸੋਚ ਨੂੰ ਬਦਲਣਾ ਚਾਹੁੰਦੀ ਹੋਈ ਉਸਨੂੰ ਪੱਛਮੀ ਨਾਰੀ ਵਾਂਗ ਅਗਾਂਹਵਧੂ ਸੋਚ ਨੂੰ ਅਪਣਾਉਣ ਦਾ ਸੁਝਾਅ ਦਿੰਦੀ ਹੈ :

> "ਜਗੀਰਾਂ ਇਹ ਕਿਹੜਾ ਪੰਜਾਬ ਏ ...ਐਨੀ ਵੱਡੀ ਦੁਨੀਆ ਵੱਸਦੀ ਏ ਬਾਹਰ ਨਿਕਲ ਕੇ ਤੱਕ ...ਅਮਰੀਕਾ ਵਿੱਚ ਰਹਿੰਦਿਆਂ ਤੀਵੀਂ ਕੀ ਨਈਂ ਕਰ ਸਕਦੀ ...ਛੱਡ ਖਹਿੜਾ ਉਹਦਾ ਪਰ ਉਸਨੂੰ ਮੇਰੀ ਗੱਲ ਸਮਝ ਨਾ ਆਉਂਦੀ।"[55]

ਪਾਤਰ ਜਗੀਰਾਂ ਦੀ ਸੂਝ ਦ੍ਰਿਸ਼ਟੀ ਘਰ ਦੀ ਚਾਰਦੀਵਾਰੀ ਤੱਕ ਹੀ ਸੀਮਤ ਹੈ। ਉਹ ਪਾਤਰ ਕੈਥੀ ਦੀ ਤਰ੍ਹਾਂ ਸੋਚ ਹੀ ਨਹੀਂ ਸਕਦੀ। ਡਾ. ਹਰਚੰਦ ਸਿੰਘ ਬੇਦੀ ਪੂਰਬੀ ਪਤਨੀ ਤੇ ਪੱਛਮੀ ਪਤਨੀ ਦੀ ਵੱਖੋ-ਵੱਖਰੀ ਜੀਵਨ ਦ੍ਰਿਸ਼ਟੀ ਬਾਰੇ ਲਿਖਦਾ ਹੈ :

> ਪੂਰਬੀ ਜੀਵਨ ਵਿੱਚ ਔਰਤਾਂ ਤੇ ਪਤਨੀਆਂ, ਆਪਣੇ ਪਤੀਆਂ ਦੀ ਉਡੀਕ ਸਾਲਾਂ ਬੱਧੀ ਕਰ ਸਕਦੀਆਂ ਹਨ। ਸਾਲਾਂ ਬੱਧੀ ਤੇ ਕਈ ਵਾਰ ਜੀਵਨ ਭਰ ਉਨ੍ਹਾਂ ਦੀ ਉਡੀਕ ਵਿੱਚ ਲੰਘਾਂ ਦੇਣਗੀਆਂ ਪਰ ਪੱਛਮੀ ਔਰਤਾਂ

> ਅਜਿਹੀ ਕੁਰਬਾਨੀ, ਸਮਰਪਣ ਅਤੇ ਪ੍ਰਤੀਬੱਧਤਾ ਨਾਲ ਨਹੀਂ ਬੱਝਦੀਆਂ। ਉਨ੍ਹਾਂ ਲਈ ਜੀਵਨ, ਨਿੱਜੀ ਆਜ਼ਾਦੀ ਤੇ ਉਨ੍ਹਾਂ ਦੀ ਆਪਣੀ ਨਿੱਜੀ ਇੱਛਾ ਤੇ ਲੋੜ ਬਹੁਤ ਮਹੱਤਵਪੂਰਨ ਹੈ।[56]

ਜਦੋਂ ਬਿਰਤਾਂਤਕਾਰ ਜਗੀਰਾਂ ਨੂੰ ਕਹਿੰਦੀ ਹੈ ਕਿ ਉਹ ਪਤੀ ਤੀਰਥ ਨੂੰ ਪਿਆਰ ਹੀ ਇੰਨਾ ਕਰੇ ਕਿ ਉਹ ਬਾਹਰ ਵੱਲ ਝਾਕੇ ਹੀ ਨਾ ਤਾਂ ਜਗੀਰਾਂ ਅਜਿਹਾ ਕਰਨ ਤੋਂ ਇਨਕਾਰ ਕਰ ਦਿੰਦੀ ਹੈ। ਦੂਜੇ ਪਾਸੇ ਪਾਤਰ ਤੀਰਥ ਦਾ ਆਪਣਾ ਦੁਖਾਂਤ ਹੈ। ਉਹ ਬਿਰਤਾਂਤਕਾਰ ਕੋਲ ਆਪਣਾ ਪੱਖ ਰੱਖਦਾ ਹੈ :

> "ਭੈਣ ਜੀ ਮੇਰੇ ਵੱਸ ਦੀ ਗੱਲ ਨਹੀਂ ...ਮੈਂ ਜਗੀਰਾਂ ਨੂੰ ਹੀ ਨਹੀਂ ਆਪਣੇ ਆਪ ਨੂੰ ਵੀ ਧੋਖਾ ਦਿੰਦਾ ਰਿਹਾ ਹਾਂ। ਮੈਨੂੰ ਜਗੀਰਾਂ ਵਿੱਚ ਕਦੀ ਉਹ ਕੁਝ ਨਹੀਂ ਸੀ ਦਿਸਿਆ ਜਿਸਦੀ ਮੈਨੂੰ ਤਲਾਸ਼ ਸੀ ...ਤੇ ਹੁਣ ਜਦੋਂ ਮੇਰੀ ਤਲਾਸ਼ ਪੂਰੀ ਹੋ ਗਈ ਤੇ ਮੈਂ ਉਹਦੇ ਬਿਨਾਂ ਰਹਿ ਨਹੀਂ ਸਕਾਂਗਾ ...ਜਿਉਂ ਨਹੀਂ ਸਕਾਂਗਾ...।"
>
> "...ਨਿੱਕੇ ਹੁੰਦਿਆਂ ਨੂੰ ਘਰਦਿਆਂ ਨਰੜ ਦਿੱਤਾ, ਜਿਸ ਦਿਨ ਦੀ ਸੁਰਤ ਸੰਭਾਲੀ ਐ ਭੈਣਾਂ ਭਰਾਵਾਂ ਤੇ ਮਾਂ ਬਾਪ ਦੀਆਂ ਜ਼ਿੰਮੇਵਾਰੀਆਂ ਨਿਭਾ ਰਿਹਾਂ ...ਬੱਸ ਹੁਣ ਮੈਂ ਆਪਣੇ ਲਈ ਜਿਉਣਾ ਚਾਹੁੰਣਾ ਆਂ...।"[57]

ਪਾਤਰ ਤੀਰਥ ਦੇ ਉਪਰੋਕਤ ਬੋਲ ਪੂਰਬੀ ਅਤੇ ਪੱਛਮੀ ਸਭਿਆਚਾਰ ਵਿਚਲੀ ਵਿਆਹ ਸੰਸਥਾ ਦੀ ਬਣਤਰ ਦੇ ਅੰਤਰ ਨੂੰ ਉਘਾੜ ਰਹੇ ਹਨ। ਪੂਰਬੀ ਸੰਦਰਭ ਵਿੱਚ ਵਿਆਹ ਵਿਅਕਤੀ ਦੀ ਨਿੱਜੀ ਇੱਛਾ ਤੇ ਆਧਾਰਿਤ ਨਾ ਹੋ ਕੇ ਪ੍ਰਸਥਿਤੀਆਂ ਦੀ ਉਪਜ ਹੁੰਦਾ ਹੈ ਜਿਹੜਾ ਵਿਅਕਤੀ ਨੂੰ ਰਿਸ਼ਤਿਆਂ ਦਾ ਗ਼ੁਲਾਮ ਬਣਾ ਦਿੰਦਾ ਹੈ। ਤੀਰਥ ਏਥੇ ਆਪਣੇ ਅਠਾਰਾਂ ਵਰ੍ਹਿਆਂ ਦੇ ਵਿਆਹੁਤਾ ਰਿਸ਼ਤੇ ਨੂੰ ਅਪ੍ਰਮਾਣਿਕ ਸਿੱਧ ਕਰ ਰਿਹਾ ਹੈ ਕਿਉਂਕਿ ਇਹ ਉਸਦੇ ਘਰਦਿਆਂ ਦੀ ਗਲਤੀ ਦਾ ਨਤੀਜਾ ਸੀ। ਵਿਆਹੁਤਾ ਜੀਵਨ ਦੇ ਇੰਨੇ ਵਰ੍ਹੇ ਉਹ ਆਤਮਿਕ ਖਲਾਅ ਹੰਢਾਉਂਦਾ ਰਿਹਾ ਹੈ ਤੇ ਅੱਜ ਜਦੋਂ ਪੱਛਮੀ ਜੀਵਨ ਜਾਚ ਤੇ ਨਿੱਜੀ ਆਜ਼ਾਦੀ ਦੀ ਤਾਂਘ ਨੇ ਉਸ ਅੰਦਰ ਪਿਆਰ ਦੇ ਅਹਿਸਾਸ ਨੂੰ ਜਗਾਇਆ ਤਾਂ ਉਸਦਾ ਮਨ ਮਾਪਿਆ ਦੁਆਰਾ ਸਹੇੜੇ ਰਿਸ਼ਤਿਆਂ ਤੋਂ ਉਚਾਟ ਹੋ ਜਾਂਦਾ ਹੈ। ਇੱਥੇ ਕੈਥੀ ਅਤੇ ਤੀਰਥ ਦਾ ਰਿਸ਼ਤਿਆਂ ਪ੍ਰਤੀ ਨਜ਼ਰੀਆਂ ਸਮਰੂਪਤਾ ਗ੍ਰਹਿਣ ਕਰ ਜਾਂਦਾ ਹੈ ਜਦੋਂ ਕਿ ਇਸਦੇ ਉਲਟ ਜਗੀਰਾਂ ਵੱਡ-ਵਡੇਰਿਆਂ ਦੁਆਰਾ ਜੋੜੇ ਗਏ ਪ੍ਰੰਪਰਕ ਰਿਸ਼ਤਿਆਂ ਨੂੰ ਬਣਾਈ ਰੱਖਣ ਲਈ ਹਰ ਹੀਲਾ ਵਰਤਦੀ ਹੈ। ਜਗੀਰਾਂ ਲਈ ਪਤੀ ਦਾ ਰਿਸ਼ਤਿਆਂ ਤੋਂ ਬੇਮੁਖ਼ਤਾ ਗ੍ਰਹਿਣ ਕਰਨਾ ਨਾ ਸਹਿਣਯੋਗ ਦਰਦ ਬਣ ਜਾਂਦਾ ਹੈ ਜੋ ਉਸਨੂੰ ਆਤਮਹੱਤਿਆ ਤੱਕ ਪਹੁੰਚਾ ਦਿੰਦਾ ਹੈ। ਪਾਤਰ

ਜਗੀਰਾਂ ਦੇ ਪੱਖ ਤੋਂ ਸੋਚਿਆ ਭਾਵੇਂ ਪਾਠਕ ਨੂੰ ਪਾਤਰ ਜਗੀਰਾਂ ਨਾਲ ਸਹਿਜੇ ਹੀ ਹਮਦਰਦੀ ਹੋ ਜਾਂਦੀ ਹੈ ਅਤੇ ਪਾਤਰ ਤੀਰਥ ਕਸੂਰਵਾਰ ਜਾਪਣ ਲੱਗਦਾ ਹੈ ਪ੍ਰੰਤੂ ਕਹਾਣੀਕਾਰ ਨੇ ਇੱਥੇ ਮਰਦ ਨੂੰ ਦੋਸ਼ੀ ਠਹਿਰਾਉਣ ਦੀ ਬਜਾਇ ਉਸ ਪਿੱਤਰੀ ਪ੍ਰਬੰਧ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਜਿਸ ਵਿੱਚ ਔਰਤ ਦੇ ਨਾਲ-ਨਾਲ ਮਰਦ ਵੀ ਸ਼ੋਸ਼ਿਤ ਹੋ ਰਿਹਾ ਹੈ। ਨਾਰੀਵਾਦੀ ਦ੍ਰਿਸ਼ਟੀ ਤੋਂ ਦੇਖਿਆ ਪਾਤਰ ਜਗੀਰਾਂ ਦਾ ਆਤਮ-ਹੱਤਿਆ ਕਰਨ ਦਾ ਪ੍ਰਕਾਰਜ ਪਿੱਤਰਸੱਤਾ ਦੁਆਰਾ ਸਿਰਜਤ ਔਰਤ ਦੀ ਗ਼ੁਲਾਮ ਮਾਨਸਿਕਤਾ ਦਾ ਸੂਚਕ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪ੍ਰਵੇਜ਼ ਸੰਧੂ ਉਪਰੋਕਤ ਕਹਾਣੀਆਂ ਵਿੱਚ ਪਰਵਾਸੀ ਪੰਜਾਬੀ ਅਤੇ ਪੱਛਮੀ ਔਰਤ ਪਾਤਰਾਂ ਦੇ ਆਪਸੀ ਸੰਕਟ ਰਾਹੀਂ ਜਿੱਥੇ ਪੂਰਬੀ ਅਤੇ ਪੱਛਮੀ ਸਭਿਆਚਾਰਕ ਮੁੱਲਾਂ ਅਤੇ ਕਦਰਾਂ-ਕੀਮਤਾਂ ਵਿਚਲੇ ਅੰਤਰ ਨੂੰ ਉਭਾਰਦੀ ਹੈ, ਉੱਥੇ ਪੂਰਬੀ ਅਤੇ ਪੱਛਮੀ ਔਰਤ ਦੇ ਮਾਨਸਿਕ ਵਖਰੇਵੇਂ ਨੂੰ ਵੀ ਦੋ ਵਿਭਿੰਨ ਸੰਸਕ੍ਰਿਤੀਆਂ ਦੇ ਤੁਲਨਾਤਮਕ ਪਰਿਪੇਖ ਵਿੱਚ ਰੱਖ ਕੇ ਰੂਪਮਾਨ ਕਰਦੀ ਹੈ। ਵਿਆਹ, ਘਰ-ਪਰਿਵਾਰ, ਔਰਤ-ਮਰਦ ਸੰਬੰਧ, ਲਿੰਗਕ ਆਜ਼ਾਦੀ, ਕਾਮੁਕਤਾ ਆਦਿ ਸਬੰਧੀ ਪੱਛਮੀ ਔਰਤ ਦਾ ਨਜ਼ਰੀਆ ਸਭਿਆਚਾਰਕ ਮੁੱਲਾਂ ਕਾਰਨ ਪੂਰਬੀ ਪਰਵਾਸੀ ਪੰਜਾਬੀ ਔਰਤ ਦੇ ਦ੍ਰਿਸ਼ਟੀਕੋਣ ਤੋਂ ਵਿਭਿੰਨਤਾ ਰੱਖਦਾ ਹੈ। ਪੱਛਮੀ ਔਰਤ ਪਾਤਰਾਂ ਪੂਰਬੀ ਔਰਤ ਦੀ ਨਿਸਬਤਨ ਆਪਣੇ ਜੀਵਨ, ਵਿਅਕਤੀਤਗਤ ਇੱਛਾਵਾਂ ਅਤੇ ਰਿਸ਼ਤਿਆਂ ਪ੍ਰਤੀ ਵਧੇਰੇ ਉਦਾਰ, ਤਾਰਕਿਕ ਅਤੇ ਵਿਸ਼ਾਲ ਦ੍ਰਿਸ਼ਟੀਕੋਣ ਰੱਖਦੀਆਂ ਹਨ। ਪੂਰਬੀ ਔਰਤ ਪਾਤਰਾਂ ਵਿਆਹ, ਘਰ, ਪਰਿਵਾਰ, ਪਤੀ ਅਤੇ ਬੱਚਿਆਂ ਨੂੰ ਆਪਣੀ ਹੋਂਦ ਅਤੇ ਪਛਾਣ ਦਾ ਆਧਾਰ ਮੰਨਦੀਆਂ ਹਨ। ਉਹ ਮਰਦ ਪਤੀ ਦੀਆਂ ਜ਼ਿਆਦਤੀਆਂ ਨੂੰ ਬਰਦਾਸ਼ਤ ਕਰਦੀਆਂ ਹੋਈਆਂ ਹਰ ਹੀਲੇ ਆਪਣੇ ਵਿਆਹ ਅਤੇ ਘਰ, ਪਰਿਵਾਰ ਨੂੰ ਟੁੱਟਣ ਤੋਂ ਬਚਾਈ ਰੱਖਣ ਲਈ ਜੀਵਨ ਭਰ ਸਮਝੌਤਾ ਕਰਦੀਆਂ ਰਹਿੰਦੀਆਂ ਹਨ। ਦੂਜੇ ਪਾਸੇ ਪੱਛਮੀ ਔਰਤ ਪਾਤਰਾਂ ਨਾ ਤਾਂ ਪੂਰਬੀ ਪੰਜਾਬੀ ਔਰਤ ਪਾਤਰਾਂ ਵਾਂਗ ਮਰਦ ਪਤੀ ਦੀਆਂ ਵਧੀਕੀਆਂ ਨੂੰ ਸਹਿਣ ਕਰਦੀਆਂ ਹਨ ਅਤੇ ਨਾ ਹੀ ਕੇਵਲ ਘਰ, ਪਰਿਵਾਰ ਅਤੇ ਵਿਆਹ ਜਿਹੀਆਂ ਪਿੱਤਰਕੀ ਸਮਾਜਿਕ ਸੰਸਥਾਵਾਂ ਨੂੰ ਆਪਣੀ ਹੋਂਦ ਅਤੇ ਪਛਾਣ ਦਾ ਅੰਤਿਮ ਆਧਾਰ ਮੰਨਦੀਆਂ ਹਨ। ਉਹ ਆਪਣੀ ਅਸਤਿਤਵੀ ਆਜ਼ਾਦੀ ਅਤੇ ਸਵੈ-ਮਾਨ ਨੂੰ ਬਰਕਰਾਰ ਰੱਖਣ ਲਈ ਮਰਦ ਨਾਲ ਬਰਾਬਰ ਧਰਾਤਲ ’ਤੇ ਰਿਸ਼ਤਾ ਜੋੜਨਾ ਚਾਹੁੰਦੀਆਂ ਹਨ। ਜੇਕਰ ਅਜਿਹਾ ਨਹੀਂ ਵਾਪਰਦਾ ਤਾਂ ਉਹ ਉਪਭਾਵੁਕਤਾ ਦੀ ਸ਼ਿਕਾਰ ਹੋਣ ਦੀ ਬਜਾਇ ਅਜਿਹੇ ਅਪ੍ਰਮਾਣਿਕ ਅਤੇ ਅਸੰਤੁਲਿਤ ਰਿਸ਼ਤੇ ਨੂੰ ਛੱਡ ਕੇ ਨਵੇਂ ਸਿਰੇ ਤੋਂ ਜ਼ਿੰਦਗੀ ਜਿਊਣ ਲਈ ਅੱਗੇ ਵੱਧਣ ਨੂੰ ਤਰਜੀਹ ਦਿੰਦੀਆਂ ਹਨ। ਜਦੋਂ ਕਿ ਪਰਵਾਸੀ ਪੰਜਾਬੀ ਔਰਤ ਪਾਤਰਾਂ ਪੱਛਮੀ ਸਭਿਆਚਾਰ ਦਾ ਹਿੱਸਾ ਬਣ ਕੇ ਵੀ ਪੱਛਮੀ ਔਰਤ ਵਾਂਗ ਰਿਸ਼ਤਿਆਂ ਪ੍ਰਤੀ ਉਦਾਰ ਦ੍ਰਿਸ਼ਟੀ-ਕੋਣ ਅਪਣਾਉਣ ਤੋਂ ਕਤਰਾਉਂਦੀਆਂ ਨਜ਼ਰ ਆਉਂਦੀਆਂ ਹਨ।

**ਪਿੱਤਰੀ ਸਮਾਜ ਅਤੇ ਨਾਰੀ ਦੀ ਮਾਨਵੀ ਇੱਛਾ**

ਪਿੱਤਰੀ ਸਮਾਜਿਕ ਢਾਂਚੇ ਵਿੱਚ ਕਾਨੂੰਨ, ਸਿੱਖਿਆ, ਧਰਮ ਅਤੇ ਰਾਜਨੀਤੀ ਆਦਿ ਸਭ ਮਰਦ ਪੱਖੀ ਹੋਣ ਕਰਕੇ ਔਰਤ ਦੇ ਵਿਅਕਤਿਤਵ ਨੂੰ ਉਸੇ ਅਨੁਸਾਰ ਢਾਲਣ ਤੇ ਜ਼ੋਰ ਦਿੱਤਾ ਜਾਂਦਾ ਰਿਹਾ ਹੈ। ਇਸ ਕਰਕੇ ਔਰਤ ਹਮੇਸ਼ਾ ਆਪਣੇ ਆਪ ਨੂੰ ਮਰਦ ਦੀ ਮਰਜ਼ੀ ਅਨੁਕੂਲ ਢਾਲਦੀ ਰਹੀ ਹੈ। ਉਹ ਹਮੇਸ਼ਾਂ ਆਪਣੀ ਹੋਂਦ ਦੇ ਅਰਥ ਪੁਰਸ਼ ਨਾਲ ਜੋੜ ਕੇ ਹੀ ਦੇਖਣ ਦੀ ਆਦੀ ਹੋ ਜਾਂਦੀ ਹੈ। ਪਿੱਤਰੀ ਸਮਾਜ ਕਿਉਂਕਿ ਨਾਰੀ ਨੂੰ ਆਪਣੇ ਆਪ ਲਈ ਜਿਊਣ ਦੀ ਥਾਂ ਦੂਸਰਿਆਂ (ਪਿਤਾ, ਭਰਾ, ਪਤੀ, ਪੁੱਤਰ ਆਦਿ) ਲਈ ਜਿਊਣਾ ਸਿਖਾਉਂਦਾ ਹੈ ਇਸ ਲਈ ਨਾਰੀ ਦੀ ਆਪਣੀ ਮਾਨਵੀ ਇੱਛਾ ਇਹਨਾਂ ਰਿਸ਼ਤਿਆਂ ਦੇ ਸੰਦਰਭ ਵਿੱਚ ਹੀ ਕਿਰਿਆਸ਼ੀਲਤਾ ਗ੍ਰਹਿਣ ਕਰ ਲੈਂਦੀ ਹੈ। ਉਸਦੇ ਅਵਚੇਤਨ ਮਨ ਉੱਪਰ ਪਰੰਪਰਕ ਕੀਮਤ-ਪ੍ਰਬੰਧ ਦੀ ਛਾਪ ਇੰਨੀ ਡੂੰਘੀ ਲੱਗੀ ਹੋਈ ਹੈ ਕਿ ਉਹ ਪੜ੍ਹ-ਲਿਖ ਕੇ, ਆਰਥਿਕ ਤੌਰ ’ਤੇ ਆਤਮ-ਨਿਰਭਰ ਹੋ ਕੇ ਅਤੇ ਅਤਿ ਵਿਕਸਿਤ ਦੇਸ਼ਾਂ ਵਿੱਚ ਪਹੁੰਚ ਕੇ ਵੀ ਇਸ ਦੀ ਗ੍ਰਿਫਤ ਵਿੱਚੋਂ ਬਾਹਰ ਨਹੀਂ ਨਿਕਲ ਸਕੀ।

ਰਾਣੀ ਨਗਿੰਦਰ ਦੀ ਕਹਾਣੀ 'ਤ੍ਰਿਸ਼ੰਕੂ' ਦੋ ਮਰਦ ਪਾਤਰਾਂ ਦੀ ਮੁਹੱਬਤ ਵਿੱਚ ਤ੍ਰਿਸ਼ੰਕੂ ਵਾਂਗ ਲਟਕਦੀ ਹੋਈ ਔਰਤ ਦੀ ਦੁਬਿਧਾਜਨਕ ਮਾਨਸਿਕ ਸਥਿਤੀ ਨੂੰ ਪ੍ਰਗਟਾਉਂਦੀ ਹੈ। ਕਹਾਣੀ ਦੀ ਮੁੱਖ ਪਾਤਰ ‘ਨਮਿ’ ਇਕ ਸਕੂਲ ਅਧਿਆਪਕਾ ਹੈ, ਜਿਹੜੀ ਦਿਆਨਤ ਨਾਂ ਦੇ ਮਰਦ ਨੂੰ ਪਿਆਰ ਕਰਦੀ ਹੈ। ਪਾਤਰ ਦਿਆਨਤ ਦੀ ਆਮਦ ਨਮਿ ਦੀ ਜ਼ਿੰਦਗੀ ਵਿੱਚ ਉਸ ਸਮੇਂ ਹੁੰਦੀ ਹੈ ਜਦੋਂ ਆਪਣੇ ਮਾਂ-ਬਾਪ ਦੀ ਬੇਵਕਤੀ ਮੌਤ ਦੇ ਦੁੱਖ ਵਿੱਚ ਉਹ ਪੂਰੀ ਤਰ੍ਹਾਂ ਟੁੱਟ ਚੁੱਕੀ ਸੀ। ਉਸਦੀਆਂ ਭੈਣਾਂ ਵਿਆਹੀਆਂ ਜਾ ਚੁੱਕੀਆਂ ਸਨ ਅਤੇ ਭਰਾ ਦੂਜੇ ਸ਼ਹਿਰ ਜਾ ਵੱਸਦੇ ਹਨ। ਉਸ ਸਮੇਂ ਬਰਜਿੰਦਰ ਜਿਸਨੂੰ ਉਹ ਆਪਣੇ ਬਚਪਨ ਦਾ ਪਿਆਰ ਮੰਨਦੀ ਹੈ, ਉਹ ਵੀ ਏਅਰਫੋਰਸ 'ਚ ਭਰਤੀ ਹੋ ਕੇ ਉਸ ਤੋਂ ਦੂਰ ਜਾ ਚੁੱਕਾ ਸੀ। ਅਜਿਹੇ ਵੈਰਾਨੀ ਅਤੇ ਗਮਗ਼ੀਨ ਮਾਹੌਲ ਵਿੱਚ ਦਿਆਨਤ ਦਾ ਸਾਥ ਅਤੇ ਸਹਾਰਾ ਜਿੱਥੇ ਉਸ ਨੂੰ ਦੁੱਖ ਵਿੱਚੋਂ ਬਾਹਰ ਨਿਕਲਣ ਵਿੱਚ ਸਹਾਇਕ ਹੁੰਦਾ ਹੈ, ਉੱਥੇ ਉਸਨੂੰ ਬਚਪਨ ਦੇ ਪ੍ਰੇਮੀ ਬਰਜਿੰਦਰ ਨਾਲ ਰਿਸ਼ਤੇ ਦੀ ਅਸਲੀਅਤ ਤੋਂ ਜਾਣੂ ਕਰਵਾਉਂਦਾ ਹੈ। ਪਾਤਰ ਨਮਿ ਅਨੁਸਾਰ :

> ਦਿਆਨਤ ਨਾਲ ਮਿਲਣ ਤੋਂ ਬਾਅਦ, ਬਹੁਤ ਦਿਨਾਂ ਤੱਕ ਮੈਂ ਇਹ ਸੋਚਦੀ ਰਹੀ ਸੀ ਬਰਜਿੰਦਰ ਅਤੇ ਮੇਰੇ ਵਿੱਚ ਪਿਆਰ ਕੀ ਸਚਮੁੱਚ ਦਾ ਪਿਆਰ ਸੀ ਜਾਂ ਮਹਿਜ ਲਗਾਉ, ਦਿਲਲਗੀ, ਪਾਗਲਪਨ ਜਾਂ ਨਿਰਾ-ਪੁਰਾ ਬਚਪਨਾ ਜਿਸ ਵਿੱਚ ਗਤੀ ਤਾਂ ਸੀ ਪਰ ਗਹਿਰਾਪਨ ਨਹੀਂ ਸੀ। ਜਿਉਂ ਹੀ ਮੈਨੂੰ ਦਿਆਨਤ ਦੇ ਪਿਆਰ ਦਾ ਸਹਾਰਾ ਮਿਲਿਆ, ਮੈਨੂੰ ਪਹਿਲਾ ਪਿਆਰ

> ਭੁੱਲਣ 'ਚ ਇਕ ਦਿਨ ਵੀ ਨਹੀਂ ਲੱਗਾ। ਸੁਫਨਿਆਂ ਦੀ ਜਗ੍ਹਾਂ ਮੈਂ ਵਾਸਤਵਿਕਤਾ 'ਚ ਜਿਉਣ ਲੱਗੀ ...ਮੈਨੂੰ ਲੱਗਾ ਸਾਡਾ ਪਿਆਰ ਗਹਿਰ-ਗੰਭੀਰ, ਸੋਚਿਆ-ਸਮਝਿਆ ਹੈ। ਬਾਕੀ ਜੋ ਸੀ - ਉਹ ਛਲ ਸੀ, ਭਰਮ ਸੀ, ਝੂਠ ਸੀ।[58]

ਪਰ ਜਿਉਂ ਹੀ ਬਰਜਿੰਦਰ ਦੋਬਾਰਾ ਪਾਤਰ ਨਮਿ ਦੀ ਜ਼ਿੰਦਗੀ ਵਿੱਚ ਆਉਂਦਾ ਹੈ ਤਾਂ ਉਹ ਦਿਆਨਤ ਨੂੰ ਆਪਣੀ ਜ਼ਿੰਦਗੀ ਵਿੱਚੋਂ ਮਨਫ਼ੀ ਕਰਦੀ ਨਜ਼ਰ ਆਉਂਦੀ ਹੈ। ਕੁਝ ਸਮਾਂ ਪਹਿਲਾਂ ਉਸਨੂੰ ਦਿਆਨਤ ਨਾਲ ਆਪਣਾ ਪਿਆਰ ਬਰਜਿੰਦਰ ਦੇ ਪ੍ਰੇਮ ਦੇ ਨਿਸਬਤਨ ਵਧੇਰੇ ਗੰਭੀਰ ਅਤੇ ਪ੍ਰਮਾਣਿਕ ਲੱਗਦਾ ਹੈ ਉਹ ਹੁਣ ਬਰਜਿੰਦਰ ਦੀ ਆਮਦ ਨਾਲ ਤਿੜਕਨ ਲੱਗਦਾ ਹੈ। ਆਪਣੀ ਦਹਿਲੀਜ਼ ਤੇ ਖੜ੍ਹੇ ਬਰਜਿੰਦਰ ਨੂੰ ਦੇਖ ਕੇ ਉਸਨੂੰ ਲੱਗਦਾ ਹੈ ਇਹੋ ਹੀ ਸੱਚ ਹੈ, ਬਾਕੀ ਸਭ ਝੂਠ ਤੇ ਭਰਮ ਹੈ। ਬਰਜਿੰਦਰ ਨੂੰ ਮਿਲਣ ਉਪਰੰਤ ਸਵੈ-ਵਿਸ਼ਲੇਸ਼ਣ ਦੀ ਪ੍ਰਕ੍ਰਿਆ ਵਿੱਚ ਪਈ ਪਾਤਰ ਨਮਿ ਨੂੰ ਲੱਗਦਾ ਹੈ ਜਿਵੇਂ ਉਸਨੇ ਅਪਣੀ ਸਮੱਸਿਆ ਦਾ ਹੱਲ ਲੱਭ ਲਿਆ ਹੋਵੇ :

> ਸੋਚਦੀ ਹਾਂ, ਕੱਲ੍ਹ ਦਿਆਨਤ ਮਿਲੇਗਾ ਤਾਂ ਉਸਨੂੰ ਸਾਫ਼-ਸਾਫ਼ ਕਹਿ ਦਿਆਂਗੀ - ਬਚਪਨ ਦੀ ਮੁਹੱਬਤ ਦੀਆਂ ਜੜ੍ਹਾਂ ਦਿਲ ਦੀ ਗਹਿਰਾਈ ’ਚ ਇਸ ਕਦਰ ਜੰਮੀਆਂ ਹੋਈਆਂ ਸਨ, ਮੈਨੂੰ ਅੱਜ ਪਹਿਲੀ ਵਾਰੀ ਬਰਜਿੰਦਰ ਨੂੰ ਮਿਲਣ ਤੋਂ ਬਾਅਦ ਅਹਿਸਾਸ ਹੋਇਆ। ਤਿੰਨ ਵਰ੍ਹਿਆਂ ਤੋਂ ਮੈਂ ਭਰਮ 'ਚ ਸਾਂ। ...ਅੱਜ ਜਦ ਪਹਿਲੀ ਵਾਰ ਠੰਡੇ ਦਿਮਾਗ ਨਾਲ ਮੈਂ ਆਪਣੇ ਸੰਬੰਧਾਂ ਦਾ ਵਿਸ਼ਲੇਸ਼ਣ ਕੀਤਾ ਤਾਂ ਮੈਨੂੰ ਲੱਗਾ ਕਿ ਤੇਰੇ ਪ੍ਰਤੀ ਮੇਰੇ ਮਨ ’ਚ ਭਾਵਨਾ ਏ ਉਹ ਪਿਆਰ ਨਹੀਂ, ਸ਼ੁਕਰਾਨਾਂ ਏ।[59]

ਦਰਅਸਲ ਪਾਤਰ ਨਮਿ ਦੀ ਪੈਤਰਿਕ ਮਾਨਸਿਕਤਾ ਹੀ ਉਸਦੇ ਮਨੋਸੰਕਟ ਦਾ ਕਾਰਨ ਹੈ। ਉਹ ਪੜ੍ਹੀ-ਲਿਖੀ ਅਤੇ ਸੰਵੇਦਨਸ਼ੀਲ ਔਰਤ ਹੋਣ ਦੇ ਬਾਵਜੂਦ ਦੋਫਾੜ ਸੋਚ ਦੀ ਸ਼ਿਕਾਰ ਹੋ ਜਾਂਦੀ ਹੈ। ਉਹ ਸਵੈ-ਵਿਹਾਜੇ ਦੁੱਖ ਨਾਲ ਪੀੜਤ ਹੈ ਜਿਸਦਾ ਕਾਰਨ ਉਸਦਾ ਆਪਣੀਆਂ ਸਾਰੀਆਂ ਖੁਸ਼ੀਆਂ, ਚਾਵਾਂ, ਉਮੰਗਾਂ ਅਤੇ ਸੁੱਖਾਂ ਨੂੰ ਮਰਦ ਨਾਲ ਜੋੜ ਕੇ ਦੇਖਣ ਦੀ ਮਨੋਪ੍ਰਕ੍ਰਿਆ ਨਾਲ ਸੰਬੰਧਿਤ ਹੈ। ਸਾਰੀ ਕਹਾਣੀ ਉਸਦੇ ਸਵੈ-ਤਰਸ ’ਤੇ ਕੇਂਦਰਿਤ ਹੈ ਜੋ ਉਸਦੀ ਜ਼ਿੰਦਗੀ ਵਿੱਚ ਸ਼ਾਮਿਲ ਦੋ ਮਰਦਾਂ ਨਾਲ ਜੁੜਿਆ ਹੋਇਆ ਹੈ। ਮਰਦ ਵੱਲੋਂ ਟੁੱਟ ਕੇ ਚਾਹੇ ਜਾਣ ਦੀ ਪ੍ਰਬਲ ਇੱਛਾ ਉਸਦੇ ਵਿਅਕਤਿਤਵ ’ਤੇ ਇੰਨੀ ਭਾਰੂ ਹੋ ਜਾਂਦੀ ਹੈ ਕਿ ਉਸਦਾ ਅਸਤਿਤਵ ਇਸ ਚਾਹਤ ਦੇ ਭਾਰ ਹੇਠ ਹੀ ਦੱਬ ਕੇ ਰਹਿ ਜਾਂਦਾ ਹੈ। ਉਸਦਾ ਪ੍ਰੇਮੀ ਦਿਆਨਤ ਜਿਹੜਾ ਕਿ ਪੇਸ਼ੇ ਵਜੋਂ

ਡਾਕਟਰ ਹੈ, ਆਪਣੇ ਰੁਝੇਵਿਆਂ ਕਾਰਨ ਜਦੋਂ ਪਾਤਰ ਨਮਿ ਨੂੰ ਦਿੱਤੇ ਸਮੇਂ ਤੇ ਮਿਲਣ ਨਹੀਂ ਪਹੁੰਚਦਾ ਜਾਂ ਲੇਟ ਹੋ ਜਾਂਦਾ ਹੈ ਤਾਂ ਉਹ ਉਪਭਾਵੁਕਤਾ ਦੀ ਸ਼ਿਕਾਰ ਹੋ ਕੇ ਉਦਾਸੀ, ਬੇਗਾਨਗੀ ਅਤੇ ਨਿਰਾਸ਼ਤਾ ਦੇ ਅਹਿਸਾਸ ਵਿੱਚ ਘਿਰ ਜਾਂਦੀ ਹੈ। ਅਜਿਹੇ ਸਮੇਂ ਉਸਦੀ ਭਾਵੁਕ ਉਲਾਰਤਾ, ਬਰਜਿੰਦਰ ਵੱਲ ਝੁੱਕ ਜਾਂਦੀ ਹੈ। ਵਿਡੰਬਨਾ ਇਹ ਹੈ ਕਿ ਉਹ ਆਪਣੀ ਖ਼ੁਸ਼ੀ ਅਤੇ ਆਨੰਦ ਨੂੰ ਮਰਦ ਦੇ ਸਾਥ ਵਿੱਚੋਂ ਤਲਾਸ਼ ਰਹੀ ਹੈ। ਚੇਤਨਤਾ ਦੀ ਘਾਟ ਕਾਰਨ ਹੀ ਉਸਨੂੰ ਆਪਣੀ ਹੋਂਦ ਖਲਾਅ ਵਿੱਚ ਲਟਕਦੇ ਤ੍ਰਿਸ਼ੰਕੂ ਵਾਂਗ ਪ੍ਰਤੀਤ ਹੁੰਦੀ ਹੈ।

ਰਾਣੀ ਨਗਿੰਦਰ ਦੀ ਬਹੁ-ਚਰਚਿਤ ਕਹਾਣੀ 'ਪੰਘੂੜਾ' ਦੀ ਮੁੱਖ ਪਾਤਰ 'ਸੋਨਲ' ਵੀ ਆਪਣੀ ਪਿੱਤਰੀ ਮਾਨਸਿਕਤਾ ਕਾਰਨ 'ਬਾਂਝਪਣ' ਨੂੰ ਆਪਣਾ ਦੋਸ਼ ਮੰਨਦੀ ਹੋਈ ਮਾਨਸਿਕ ਸੰਤਾਪ ਹੰਢਾਉਂਦੀ ਹੈ। ਮੁੱਖ ਪਾਤਰ ਸੋਨਲ 26 ਵਰ੍ਹਿਆਂ ਦੀ ਭਰ ਜੋਬਨ ਮੁਟਿਆਰ ਹੈ ਜਿਹੜੀ ਆਪਣੇ ਪਤੀ ਜਤਿੰਦਰ ਨਾਲ ਲੰਮੇ ਸਮੇਂ ਤੋਂ ਅਮਰੀਕਾ ਵਿੱਚ ਰਹਿ ਰਹੀ ਹੈ। ਵਿਆਹ ਦੇ ਦਸ ਸਾਲ ਬਾਅਦ ਵੀ ਉਹ ਆਪਣੇ ਘਰ ਦਾ 'ਖਾਲੀ ਪੰਘੂੜਾ' ਨਾ ਭਰ ਸਕੀ। ਡਾਕਟਰਾਂ ਨੇ ਸੋਨਲ ਦੀ ਜੈਨੇਟਿੱਕ ਸਟੱਡੀ ਕਰਕੇ ਇਹ ਪੁਸ਼ਟੀ ਕਰ ਦਿੱਤੀ ਕਿ ਉਹ ਕਦੇ ਵੀ ਬੱਚਾ ਪੈਦਾ ਨਹੀਂ ਕਰ ਸਕਦੀ। ਡਾਕਟਰਾਂ ਦਾ ਇਹ ਪ੍ਰਮਾਣ ਮੁੱਖ ਪਾਤਰ ਸੋਨਲ ਨੂੰ ਅਪੂਰਨਤਾ ਅਤੇ ਅਧੂਰੇਪਨ ਦੀ ਹੀਣ ਭਾਵਨਾ ਦੇ ਅਹਿਸਾਸ ਨਾਲ ਭਰ ਦਿੰਦਾ ਹੈ। ਬੱਚਾ ਪੈਦਾ ਨਾ ਕਰ ਸਕਣ ਦੇ ਇਸ ਪ੍ਰਾਕ੍ਰਿਤਕ ਅਤੇ ਜੈਵਿਕ ਗੁਣ ਦੀ ਘਾਟ ਕਾਰਨ ਉਹ ਪਲ-ਪਲ ਤੜਪਦੀ ਹੈ। ਇਸ ਘਾਟ ਕਾਰਨ ਉਸਨੂੰ ਆਪਣੀ ਜਵਾਨੀ, ਖ਼ੂਬਸੂਰਤੀ ਅਤੇ ਆਪਣੀ ਵਿਆਹੁਤਾ ਜ਼ਿੰਦਗੀ ਦੇ ਅਰਥ ਗੁਆਚਦੇ ਲੱਗਦੇ ਹਨ। ਖ਼ਾਲੀ ਪੰਘੂੜੇ ਨੂੰ ਭਰਨ ਅਤੇ ਆਪਣੇ ਅਧੂਰੇਪਣ ਦੀ ਸੰਪੂਰਨਤਾ ਲਈ ਮੁੱਖ ਪਾਤਰ ਸੋਨਲ ਕਈ ਪ੍ਰਕਾਰ ਦੇ ਸਾਧਨ ਤੇ ਢੰਗ-ਤਰੀਕੇ ਤਲਾਸ਼ਦੀ ਰਹਿੰਦੀ ਹੈ। ਇਸ ਤਲਾਸ਼ ਵਿੱਚੋਂ ਹੀ ਉਸਨੂੰ ਸਰੋਗੇਟ ਮਦਰ ਦੀ ਵਿਧੀ ਰਾਹੀਂ ਬੱਚਾ ਹਾਸਲ ਕਰਨ ਦੀ ਉਮੀਦ ਪੈਦਾ ਹੁੰਦੀ ਹੈ। ਇਸ ਮਸਨੂਈ ਤਕਨੀਕ ਰਾਹੀਂ ਬੱਚਾ ਪ੍ਰਾਪਤ ਕਰਨ ਲਈ ਸੋਨਲ ਤੇ ਉਸਦਾ ਪਤੀ ਜਤਿੰਦਰ ਕੈਥੀ ਨਾਂ ਦੀ ਇਕ ਗੋਰੀ ਤੇ ਜਵਾਨ ਤਲਾਕਸ਼ੁਦਾ ਔਰਤ ਨੂੰ ਚੁਣਦੇ ਹਨ ਜਿਹੜੀ ਲੋਕ ਕਲਿਆਣ ਸੰਸਥਾ ਤੋਂ ਭੱਤਾ ਲੈ ਕੇ ਆਪਣਾ ਤੇ ਆਪਣੇ ਦੋ ਬੱਚਿਆ ਦਾ ਗੁਜ਼ਾਰਾ ਕਰਦੀ ਸੀ। ਸੋਨਲ ਦੇ ਧੀਰਜ ਦਾ ਬੰਨ੍ਹ ਉਸ ਸਮੇਂ ਟੁੱਟ ਜਾਂਦਾ ਹੈ ਜਦੋਂ ਕੈਥੀ ਅਚਾਨਕ ਆਪਣੇ ਕੀਤੇ ਇਕਰਾਰਨਾਮੇ ਤੋਂ ਪਲਟ ਜਾਂਦੀ ਹੈ ਅਤੇ ਆਪਣੀ ਕੁੱਖ ਵਿੱਚ ਪਲ ਰਹੇ ਬੱਚੇ ਨੂੰ ਦੇਣ ਤੋਂ ਇਨਕਾਰ ਕਰ ਦਿੰਦੀ ਹੈ:

> ...ਅਚਾਨਕ ਪਿੱਛਲੇ ਹਫਤੇ ਕੈਥੀ ਦਾ ਫੋਨ ਆਇਆ ਕਿ ਉਹ ਦਸਤਖ਼ਤ ਕੀਤੇ ਕੰਟਰੈਕਟ ਦੇ ਵਿਰੁੱਧ ਆਪਣਾ ਹੋਣ ਵਾਲਾ ਬੱਚਾ ਉਨ੍ਹਾਂ ਨੂੰ ਨਹੀਂ ਦੇਵੇਗੀ। ਜਿਹੜਾ ਬੱਚਾ ਉਹ ਤਿੰਨ ਮਹੀਨਿਆਂ ਤੋਂ ਆਪਣੇ ਅੰਦਰ ਪਾਲ ਰਹੀ ਹੈ, ਉਸਦਾ ਮੋਹ ਉਸਦੇ ਪ੍ਰਤੀ ਵੱਧਦਾ ਜਾ ਰਿਹਾ ਹੈ।[60]

ਦਰਅਸਲ ਪਾਤਰ ਕੈਥੀ ਅਤੇ ਮੁੱਖ ਪਾਤਰ ਸੋਨਲ ਦੋਵੇਂ ਪਿੱਤਰਕੀ ਪ੍ਰਬੰਧ ਹੱਥੋਂ ਸ਼ੋਸ਼ਿਤ ਹੋ ਰਹੀਆਂ ਔਰਤਾਂ ਹਨ। ਮੁੱਖ ਪਾਤਰ ਸੋਨਲ ਨੂੰ ਹਰ ਹਾਲਤ ਵਿੱਚ ਬੱਚਾ ਚਾਹੀਦਾ ਹੈ। ਉਸਦੀ ਇਸ ਮਨਸ਼ਾ ਪਿੱਛੇ ਜਿੱਥੇ ਮਮਤਾਮਈ ਭਾਵਨਾ ਛਿਪੀ ਹੋਈ ਹੈ, ਉੱਥੇ ਨਾਲ ਹੀ ਪਿੱਤਰੀ ਸਭਿਆਚਾਰਕ ਮੁੱਲ-ਪ੍ਰਬੰਧ ਦਾ ਡਰ ਵੀ ਕਾਰਜਸ਼ੀਲ ਹੈ। ਪੰਜਾਬੀ ਸਮਾਜ-ਸਭਿਆਚਾਰ ਵਿੱਚ ਪੰਘੂੜਾ ਵਿਸ਼ੇਸ਼ ਅਤੇ ਵਿਸ਼ਾਲ ਅਰਥ ਰੱਖਦਾ ਹੈ ਜੋ ਵਿਆਹੁਤਾ ਨਾਰੀ ਦੀ ਸਮਾਜਿਕ ਸਥਿਤੀ ਨੂੰ ਨਿਰਧਾਰਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਪਿੱਤਰੀ ਸੰਸਕ੍ਰਿਤਕ ਨੇਮ-ਪ੍ਰਬੰਧ ਵਿਆਹੀ ਨਾਰੀ ਨੂੰ ਖਾਲੀ ਪੰਘੂੜੇ ਨੂੰ ਭਰਨ ਦੀ ਜ਼ਿੰਮੇਵਾਰੀ ਸੌਂਪਦਾ ਹੈ ਤਾਂ ਜੋ ਪਰਿਵਾਰਕ ਸੰਸਥਾ ਦੀ ਗਤੀਸ਼ੀਲਤਾ ਬਣੀ ਰਹੇ। ਔਰਤ ਵੀ ਸਭਿਆਚਾਰ ਦੁਆਰਾ ਕੀਤੀ ਜਾਣ ਵਾਲੀ ਇਸ ਮੰਗ ਨੂੰ ਆਪਣੀ ਹੋਂਦ ਅਤੇ ਪਛਾਣ ਨਾਲ ਜੋੜਦੀ ਹੋਈ ਆਪਣੀ ਸਾਰੀ ਊਰਜਾ ਸ਼ਕਤੀ, ਸਮਰੱਥਾ ਅਤੇ ਸੰਵੇਦਨਾ ਖਾਲੀ ਪੰਘੂੜੇ ਨੂੰ ਭਰਨ ਉੱਤੇ ਹੀ ਕੇਂਦਰਿਤ ਕਰ ਦਿੰਦੀ ਹੈ। ਪੰਘੂੜੇ ਨੂੰ ਨਾ ਭਰ ਸਕਣ ਵਾਲੀ ਔਰਤ ਲੋਕਧਾਰਾਈ ਵਿਸ਼ਵਾਸ ਅਨੁਸਾਰ ਬਾਂਝ ਅਖਵਾਉਂਦੀ ਹੋਈ ਜੀਵਨ ਭਰ ਲਈ ਤ੍ਰਿਸਕਾਰ, ਤਰਸ, ਨਫ਼ਰਤ ਅਤੇ ਅਵਹੇਲਨਾ ਦੀ ਪਾਤਰ ਬਣ ਕੇ ਰਹਿ ਜਾਂਦੀ ਹੈ। ਕਈ ਵਾਰ ਅਜਿਹੀ ਔਰਤ ਦੇ ਪਤੀ ਦਾ ਦੂਜਾ ਵਿਆਹ ਕਰ ਦਿੱਤਾ ਜਾਂਦਾ ਹੈ ਤਾਂ ਜੋ ਪਰਿਵਾਰ ਦਾ ਵਾਰਿਸ ਪੈਦਾ ਕੀਤਾ ਜਾ ਸਕੇ। ਮੁੱਖ ਪਾਤਰ ਸੋਨਲ ਨੂੰ ਵੀ ਇਹ ਡਰ ਸਤਾਉਂਦਾ ਹੈ ਕਿ ਜੇਕਰ ਉਹ ਆਪਣੇ ਪਤੀ ਨੂੰ ਔਲਾਦ ਨਾ ਦੇ ਸਕੀ ਤਾਂ ਹੋ ਸਕਦਾ ਹੈ ਜਤਿੰਦਰ ਕਿਧਰੇ ਹੋਰ ਔਰਤ ਨੂੰ ਘਰ ਲੈ ਆਵੇ ਅਤੇ ਉਸਨੂੰ ਛੱਡ ਦੇਵੇ। ਆਪਣੇ ਪਤੀ ਅਤੇ ਰਿਸ਼ਤੇਦਾਰਾਂ ਵੱਲੋਂ ਅਪ੍ਰਵਾਨਗੀ ਅਤੇ ਅਣਗੋਲੇ ਜਾਣ ਦਾ ਤੌਖਲਾ ਉਸਦੀ ਉਦਾਸੀ ਅਤੇ ਨਿਰਾਸ਼ਤਾ ਵਿੱਚ ਵਾਧਾ ਕਰਦਾ ਹੈ। ਮੁੱਖ ਪਾਤਰ ਸੋਨਲ ਅੰਦਰ ਪਨਪ ਰਹੀ ਇਹ ਅਦਿੱਖ ਕਿਸਮ ਦੀ ਅਸੁਰੱਖਿਆ ਭਾਵਨਾ ਉਸ ਸਮੇਂ ਜ਼ਾਹਰ ਹੋ ਜਾਂਦੀ ਹੈ ਜਦੋਂ ਉਹ ਆਪਣੇ ਪਤੀ ਦੇ ਮਨ ਦੀ ਥਾਹ ਪਾਉਣ ਲਈ ਉਸ ਨਾਲ ਦੂਜੇ ਵਿਆਹ ਦੀ ਗੱਲ ਕਰਦੀ ਹੈ:

> "ਜਤਿੰਦਰ ਤੂੰ ਦੂਜਾ ਵਿਆਹ ਕਿਉਂ ਨਹੀਂ ਕਰਵਾ ਲੈਂਦਾ?"[61]

ਪਤੀ ਜਤਿੰਦਰ ਭਾਵੇਂ ਪਤਨੀ ਸੋਨਲ ਨੂੰ ਬੇਹੱਦ ਪਿਆਰ ਕਰਦਾ ਹੈ ਅਤੇ ਦੂਜੇ ਵਿਆਹ ਦੀ ਗੱਲ ਵਿੱਚ ਕੋਈ ਰੁਚੀ ਨਹੀਂ ਦਿਖਾਉਂਦਾ, ਪ੍ਰੰਤੂ ਸੋਨਲ ਅੰਦਰਲਾ ਭੈਅ ਉਸਨੂੰ ਆਪਣੇ ਭਵਿੱਖ ਬਾਰੇ ਚਿੰਤਤ ਕਰਦਾ ਹੈ। ਉਸਨੂੰ ਜਾਪਦਾ ਹੈ ਕਿ ਜੋ ਮਾਨ-ਸਨਮਾਨ ਅਤੇ ਪਿਆਰ ਜਤਿੰਦਰ ਹੁਣ ਤੱਕ ਉਸ 'ਤੇ ਨਿਛਾਵਰ ਕਰਦਾ ਆਇਆ ਹੈ ਉਹ ਭਵਿੱਖ ਵਿੱਚ ਬੱਚਾ ਪੈਦਾ ਨਾ ਕਰ ਸਕਣ ਦੀ ਸੂਰਤ ਵਿੱਚ ਇੰਝ ਹੀ ਬਰਕਰਾਰ ਨਹੀਂ ਰਹਿ ਸਕੇਗਾ। ਇਸ ਕਰਕੇ ਕੈਥੀ ਦੁਆਰਾ ਆਪਣਾ ਫੈਸਲਾ ਬਦਲਣ ਤੋਂ ਬਾਅਦ ਆਪਣੀ ਸੰਭਾਵਿਤ

ਕੋਸ਼ਿਸ਼ ਦੇ ਅਸਫ਼ਲ ਹੋਣ ਕਾਰਨ ਸੋਨਲ ਨੂੰ ਡੂੰਘਾ ਸਦਮਾ ਲੱਗਦਾ ਹੈ। ਇਕ ਪਾਸੇ ਮਾਂ ਬਣਨਾ ਸੋਨਲ ਦੀ ਪ੍ਰਾਕ੍ਰਿਤਕ ਅਤੇ ਸਮਾਜਿਕ ਲੋੜ ਹੈ ਅਤੇ ਦੂਜੇ ਪਾਸੇ ਸਰੋਗੇਟ ਮਾਂ ਵਜੋਂ ਕੈਥੀ ਦਾ ਆਪਣਾ ਦਰਦ ਹੈ। ਕਹਾਣੀਕਾਰ ਪਾਤਰ ਕੈਥੀ ਦੇ ਦੁਖਾਂਤ ਨੂੰ ਸੰਵੇਦਨਸ਼ੀਲਤਾ ਨਾਲ ਪੇਸ਼ ਕਰਦੀ ਹੋਈ ਨਵ-ਪੂੰਜੀਵਾਦੀ ਸਮਾਜਿਕ ਢਾਂਚੇ ਵਿੱਚ ਇਸ ਵਿਗਿਆਨਕ ਤਕਨੀਕ ਰਾਹੀਂ ਨਾਰੀ ਦੇ ਨਾਰੀਤਵ ਦੇ ਹੋ ਰਹੇ ਸ਼ੋਸ਼ਣ ਨੂੰ ਰੂਪਮਾਨ ਕਰਦੀ ਹੈ। ਪਾਤਰ ਕੈਥੀ ਇੱਕ ਬੇਬੱਸ, ਮਜ਼ਲੂਮ ਅਤੇ ਗ਼ਰੀਬ ਔਰਤ ਹੈ, ਜਿਹੜੀ ਪੈਸਿਆਂ ਖ਼ਾਤਿਰ ਆਪਣੀ ਕੁੱਖ ਕਿਰਾਏ ਤੇ ਦੇਣ ਲਈ ਮਜ਼ਬੂਰ ਹੁੰਦੀ ਹੈ। ਜਤਿੰਦਰ ਅਤੇ ਸੋਨਲ ਦੁਆਰਾ ਕੈਥੀ ਨੂੰ ਸਰੋਗੇਟ ਮਾਂ ਦੇ ਰੂਪ ਵਿੱਚ ਚੁਣਨ ਪਿੱਛੇ ਵੀ ਇਹ ਧਾਰਨਾ ਕਾਰਜਸ਼ੀਲ ਨਜ਼ਰ ਆਉਂਦੀ ਹੈ। ਉਹਨਾਂ ਦੀ ਮਨੋਰਥ ਪੂਰਤੀ ਦੇ ਪੱਖ ਤੋਂ ਗੁਰਬਤ ਵਿੱਚ ਜਿਉਂ ਰਹੀ ਲੋੜਵੰਦ ਔਰਤ ਦੇ ਰੂਪ ਵਿੱਚ ਕੈਥੀ ਪੂਰੀ ਤਰ੍ਹਾਂ ਢੁੱਕਵੀਂ ਸੀ। ਇਸੇ ਕਾਰਨ ਕੈਥੀ ਦੀ ਮਮਤਾ ਦਾ, ਉਸਦੀ ਭਾਵਨਾ ਦਾ, ਉਸਦੀ ਕੁੱਖ ਦਾ ਸੌਦਾ ਤੈਅ ਹੁੰਦਾ ਹੈ। ਇਸਦੇ ਇਵਜ਼ ਵਜੋਂ ਕੈਥੀ ਨੂੰ ਮੋਟੀ ਧਨ ਰਾਸ਼ੀ ਦਿੱਤੀ ਜਾਂਦੀ ਹੈ। ਸਥਿਤੀ ਉਸ ਸਮੇਂ ਕਰੁਣਾਮਈ ਹੋ ਜਾਂਦੀ ਹੈ ਜਦੋਂ ਕੈਥੀ ਆਪਣੇ ਅੰਦਰ ਪਲ ਰਹੇ ਬੱਚੇ ਨਾਲ ਭਾਵੁਕ ਤੌਰ ਤੇ ਜੁੜ ਜਾਂਦੀ ਹੈ ਅਤੇ ਆਪਣੀ ਮਮਤਾ ਅੱਗੇ ਝੁਕਦੀ ਹੋਈ ਕੀਤੇ ਵਾਅਦੇ ਤੋਂ ਪਿੱਛੇ ਹੱਟ ਜਾਂਦੀ ਹੈ। ਪਾਤਰ ਕੈਥੀ ਦੁਆਰਾ ਫ਼ੈਸਲਾ ਬਦਲਣ ਪਿੱਛੇ ਉਸਦੇ ਆਪਣੇ ਲੁਪਤ ਮਨੋਵਿਗਿਆਨਕ ਅਤੇ ਜੈਵਿਕ ਕਾਰਨ ਹਨ। ਬੱਚਾ ਪੈਦਾ ਕਰਕੇ ਦੂਸਰੇ ਨੂੰ ਸੌਂਪਣ ਤੋਂ ਬਾਅਦ ਜਿਸ ਮਾਨਸਿਕ ਪੀੜ ਵਿੱਚੋਂ ਕੈਥੀ ਨੇ ਲੰਘਣਾ ਸੀ ਉਸਦੀ ਕੀਮਤ ਨਾਂ ਕੋਈ ਵਿਗਿਆਨਕ ਤਕਨੀਕ ਚੁਕਾ ਸਕਦੀ ਹੈ ਤੇ ਨਾ ਹੀ ਕੋਈ ਦੂਸਰਾ ਇਨਸਾਨ। ਇਸ ਪ੍ਰਸੰਗ ਵਿੱਚ ਡਾ. ਹਰਚੰਦ ਸਿੰਘ ਬੇਦੀ ਦਾ ਵਿਚਾਰ ਹੈ :

> ਇਸਤਰੀ ਹੱਡ ਮਾਸ ਦਾ ਜਿਉਂਦਾ ਜਾਗਦਾ ਚਿੰਤਨਸ਼ੀਲ, ਭਾਵੁਕ ਤੇ ਸੰਵੇਦਨਸ਼ੀਲ ਮਨੁੱਖ ਹੈ। ਉਹ ਬੇਬੋਲ, ਅਸੰਵੇਦਨਸ਼ੀਲ ਤੇ ਚਿੰਤਨ ਰਹਿਤ ਵਿਗਿਆਨਕ ਤਜ਼ਰਬੇ ਕਰਨ ਵਾਲੀ ਮਸ਼ੀਨ ਨਹੀਂ। ਇਸ ਲਈ ਵਿਗਿਆਨ ਦੇ ਮਸ਼ੀਨੀ ਚਰਿੱਤਰ ਨੂੰ ਮਾਂ ਦੇ ਸਮਰੂਪ ਨਹੀਂ ਰੱਖਿਆ ਜਾ ਸਕਦਾ। ਇਸ ਲਈ ਵਿਗਿਆਨ, ਨੀਤੀ ਤੇ ਕਾਨੂੰਨ ਮਾਂ ਦੀ ਸੰਵੇਦਨਾ ਤੋਂ ਵੱਡੇ ਨਹੀਂ ਹੋ ਸਕਦੇ।[62]

ਕਹਾਣੀਕਾਰ ਰਾਣੀ ਨਗਿੰਦਰ ਕੌਰ ਨਵ-ਪੂੰਜੀਵਾਦੀ ਪ੍ਰਬੰਧ ਵਿੱਚ ਅਮੀਰ ਲੋਕਾਂ ਦੁਆਰਾ ਆਪਣੀ ਮਨੋਰਥ ਸਿੱਧੀ ਲਈ ਵਰਤੀ ਜਾ ਰਹੀ ਇਸ ਵਿਗਿਆਨਕ ਤਕਨੀਕ ਦੇ ਨਾਰੀ ਮਨ ਅਤੇ ਦੇਹ ਉੱਪਰ ਪੈ ਰਹੇ ਨਕਾਰਾਤਮਕ ਪ੍ਰਭਾਵ ਨੂੰ ਜਤਿੰਦਰ ਪਾਤਰ ਦੀ ਟਿੱਪਣੀ ਰਾਹੀਂ ਬਿਆਨ ਕਰਦੀ ਹੈ:

...ਪਰਾਈ ਔਰਤ ਦੀ ਕੁੱਖ ਕਿਰਾਏ ਤੇ ਲੈਣਾ, ਕੰਮ ਨਿਕਲਣ ਤੇ ਉਸਨੂੰ ਤਜ ਦੇਣਾ, ਅਮੀਰਾਂ ਦੇ ਘਰ ਖਾਲੀ ਪੰਘੂੜੇ ਭਰਨਾ, ਮਹਿਜ਼ ਘਟੀਆ ਲੋਕਾਂ ਦਾ ਘਟੀਆ ਪ੍ਰਾਪੇਗੰਡਾ ਹੈ। ਤਕਨੀਕੀ ਵਿਗਿਆਨ, ਨੀਤੀ ਤੇ ਕਾਨੂੰਨ ਤੋਂ ਅੱਗੇ ਹੈ।[63]

ਜਤਿੰਦਰ ਦੇ ਸਮਝਾਉਣ ਦੇ ਬਾਵਜੂਦ ਸੋਨਲ ਦਾ ਧੀਰਜ ਨਹੀਂ ਬੱਝਦਾ। ਉਹ ਜਿਸ ਗੁਨਾਹ ਭਾਵਨਾ ਵਿੱਚ ਤੜਪ ਰਹੀ ਹੈ ਉਸਨੂੰ ਉਸਦੀ ਮਾਂ ਮਿਸੇਜ਼ ਸੰਗੀਤ ਬੇਦੀ ਮਹਿਸੂਸ ਕਰਦੀ ਹੈ। ਆਪਣੀ ਧੀ ਦੇ ਮਾਂ ਨਾ ਬਣ ਸਕਣ ਦੇ ਦਰਦ ਨੂੰ ਉਹ ਆਪਣੀ ਨਾਰੀ ਦ੍ਰਿਸ਼ਟੀ ਤੋਂ ਗ੍ਰਹਿਣ ਕਰਦੀ ਹੋਈ ਉਸਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਉਸਦੇ ਘਰ ਦੇ ਖਾਲੀ ਪੰਘੂੜੇ ਨੂੰ ਭਰਨ ਲਈ ਧੀ ਦੇ ਬੱਚੇ ਦੀ ਸਹਾਇਕ ਮਾਂ ਬਣਨ ਲਈ ਤਿਆਰ ਹੋ ਜਾਂਦੀ ਹੈ :

"...ਕਿਉ ਨਾ ਮੈਂ ਤੇਰੇ ਬੱਚੇ ਦੀ ਸਹਾਇਕ ਮਾਂ ਬਣ ਜਾਵਾਂ?"

"ਕੀ?" ਸੋਨਲ ਇਕਦਮ ਚੌਂਕ ਗਈ।

"ਇਹੋ ਕਿ ਜੋ ਕੰਮ ਕੈਥੀ ਨੇ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਮੈਂ ਕਰਕੇ ਵੇਖਦੀ ਹਾਂ।"[64]

ਇੱਥੇ ਇੱਕ ਔਰਤ (ਮਾਂ) ਦੂਜੀ ਔਰਤ (ਧੀ) ਦੇ ਉਸ ਦਰਦ ਅਤੇ ਪੀੜਾ ਨੂੰ ਮਹਿਸੂਸ ਕਰਦੀ ਹੈ ਜਿਹੜਾ ਦਰਦ ਪਿੱਤਰੀ ਸਮਾਜ ਵਿੱਚ ਇਕ ਬਾਂਝ ਔਰਤ ਨੂੰ ਝੱਲਣਾ ਪੈਂਦਾ ਹੈ। ਮਾਂ ਦੁਆਰਾ ਪੇਸ਼ ਕੀਤੀ ਤਜਵੀਜ਼ ਭਾਵੇਂ ਸੋਨਲ ਨੂੰ ਚਿੰਤਾ ਮੁਕਤ ਕਰ ਦਿੰਦੀ ਹੈ ਪ੍ਰੰਤੂ ਇਸਦੀ ਪ੍ਰਵਾਨਗੀ ਉਹ ਆਪਣੇ ਪਤੀ ਕੋਲੋਂ ਚਾਹੁੰਦੀ ਹੈ ਕਿਉਂਕਿ ਪੈਤਰਿਕ ਸਭਿਆਚਾਰ ਪ੍ਰਬੰਧ ਅਨੁਸਾਰ ਅੰਤਿਮ ਫੈਸਲਾ ਕਰਨ ਦਾ ਹੱਕ ਮਰਦ ਕੋਲ ਹੈ। ਪਤੀ ਦੇ ਹਾਂ ਕਰਨ ਉਪਰੰਤ ਮੁੱਖ ਪਾਤਰ ਸੋਨਲ ਦੇ ਮਨ ਉਪੱਰਲਾ ਬੋਝ ਇਕਦਮ ਉੱਤਰ ਜਾਂਦਾ ਹੈ। ਉਸਨੂੰ ਜਿੱਥੇ ਆਪਣਾ ਘਰ ਵੱਸਦਾ ਨਜ਼ਰ ਆਉਣ ਲਗਿਆ ਉੱਥੇ ਨਾਲ ਹੀ ਸਮਾਜਿਕ ਪੱਧਰ ਉੱਪਰ ਆਪਣੀ ਹੋਂਦ ਦੇ ਅਰਥ ਵੀ ਪ੍ਰਾਸੰਗਿਕ ਹੁੰਦੇ ਜਾਪਣ ਲੱਗੇ :

ਜਤਿੰਦਰ ਦੀ ਇਕ ਹਾਂ ਤੇ ਸੋਨਲ ਦੇ ਮਸਤਕ ਦੇ ਪਾਣੀਆਂ ਦੀਆਂ ਹਜ਼ਾਰਾਂ ਲਹਿਰਾਂ ਚ ਹਲਚਲ ਪੈਦਾ ਹੋ ਗਈ। ਲੱਖਾਂ ਬੁਲਬੁਲੇ ਸੰਗੀਤ ਦੇ ਸੁਰਾਂ ਚ ਤੈਰਨ ਲੱਗੇ। ਅੱਖਾਂ ਚ ਖੁਸ਼ੀ ਦੇ ਹੰਝੂ ਭਰ ਆਏ।[65]

ਸਮੁੱਚੇ ਤੌਰ 'ਤੇ ਇਹ ਕਹਾਣੀ ਪਿੱਤਰੀ ਸਮਾਜ-ਸਭਿਆਚਾਰਕ ਪ੍ਰਬੰਧ ਵਿੱਚ ਔਰਤ ਦੀ ਹੋਂਦ-ਹਸਤੀ ਦੇ ਅਰਥਾਂ ਨੂੰ ਪ੍ਰਮਾਣਿਤ ਕਰਨ ਲਈ ਬਾਂਝ ਔਰਤ ਦੁਆਰਾ ਕੀਤੇ ਜਾ ਰਹੇ ਯਤਨਾਂ ਅਤੇ ਉਹਨਾਂ ਯਤਨਾਂ ਦੇ ਅਸਫਲ ਹੋਣ ਦੇ ਸਿੱਟੇ ਵਜੋਂ ਭੋਗੇ ਜਾ ਰਹੇ ਮਾਨਸਿਕ ਸੰਤਾਪ ਨੂੰ ਪੇਸ਼ ਕਰਦੀ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਰਾਣੀ ਨਗਿੰਦਰ ਕੌਰ ਇਹਨਾਂ ਕਹਾਣੀਆਂ ਵਿੱਚ ਔਰਤ ਦੀ ਮਨੋ-ਸਮਾਜਿਕ ਬਣਤਰ 'ਤੇ ਫੋਕਸ ਕਰਦੀ ਹੋਈ ਪਿੱਤਰਸੱਤਾਤਮਕ ਮੁੱਲਾਂ ਹੇਠ ਦੱਬ ਚੁੱਕੀ ਔਰਤ ਦੀ ਅਸਤਿਤਵੀ ਹੋਂਦ ਅਤੇ ਮਾਨਵੀ ਇੱਛਾ ਦੇ ਮਸਲੇ ਨੂੰ ਉਠਾਉਂਦੀ ਹੈ। ਪਿੱਤਰਕੀ ਪ੍ਰਬੰਧ ਔਰਤ ਨੂੰ ਆਪਣੇ ਲਈ ਜਿਊਣ ਦੀ ਥਾਂ ਦੂਸਰਿਆਂ ਭਾਵ ਮਰਦ ਲਈ ਜਿਊਣਾ ਸਿਖਾਉਂਦਾ ਹੈ। ਇਸ ਲਈ ਔਰਤ ਦੀ ਆਪਣੀ ਮਾਨਵੀ ਹੋਂਦ ਅਤੇ ਇੱਛਾ ਦੇ ਅਰਥ ਦੁਜੈਲੇ ਹੋ ਜਾਂਦੇ ਹਨ। ਔਰਤ ਆਪਣੀਆਂ ਖ਼ੁਸ਼ੀਆਂ ਨੂੰ ਮਰਦ ਦੇ ਪਿੱਤਰਕੀ ਨਜ਼ਰੀਏ ਤੋਂ ਦੇਖਣਾ ਸ਼ੁਰੂ ਕਰ ਦਿੰਦੀ ਹੈ। ਰਾਣੀ ਨਗਿੰਦਰ ਦੀਆਂ ਉਪਰੋਕਤ ਕਹਾਣੀਆਂ ਵਿੱਚ ਪੇਸ਼ ਔਰਤ ਪਾਤਰਾਂ ਦਾ ਸੰਕਟ ਵੀ ਇਸੇ ਪਿੱਤਰਕੀ ਸੋਚ ਵਿੱਚੋਂ ਉਪਜਦਾ ਹੈ। ਇਹ ਔਰਤ ਪਾਤਰਾਂ ਆਪਣੀ ਜ਼ਿੰਦਗੀ ਦੇ ਅਰਥ ਅਤੇ ਖ਼ੁਸ਼ੀਆਂ ਮਰਦ ਵਿੱਚ ਤਲਾਸ਼ਦੀਆਂ ਹੋਈਆਂ ਮਾਨਸਿਕ ਤਣਾਉ ਵਿੱਚ ਘਿਰੀਆਂ ਨਜ਼ਰ ਆਉਂਦੀਆਂ ਹਨ।

ਉਪਰੋਕਤ ਕਹਾਣੀਆਂ ਦਾ ਅਧਿਐਨ ਕਰਨ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਇਹ ਕਹਾਣੀਆਂ ਪਰਵਾਸੀ ਪੰਜਾਬੀ ਨਾਰੀ ਦੇ ਬਹੁਭਾਂਤੀ ਅਤੇ ਬਹੁਪਰਤੀ ਮਸਲਿਆਂ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਪੇਸ਼ ਕਰਦੀਆਂ ਹਨ। ਇਹ ਕਹਾਣੀਆਂ ਪਰਵਾਸੀ ਪੰਜਾਬੀ ਔਰਤ ਦੁਆਰਾ ਬਲਦੀਆਂ ਪ੍ਰਸਥਿਤੀਆਂ ਦੇ ਫਲਸਰੂਪ ਭੋਗੇ ਜਾ ਰਹੇ ਤਣਾਅ, ਗਲੋਬਲੀ ਸਭਿਆਚਾਰ ਦੇ ਪ੍ਰਸੰਗ ਵਿੱਚ ਔਰਤ-ਮਰਦ ਰਿਸ਼ਤੇ ਵਿੱਚ ਆ ਰਹੇ ਪਰਿਵਰਤਨ, ਪੱਛਮੀ ਸਭਿਆਚਾਰ ਦੇ ਵਿਆਪਕ ਪ੍ਰਭਾਵ ਸਦਕਾ ਪਰਵਾਸੀ ਪੰਜਾਬੀ ਨਾਰੀ ਦੀ ਨਿਰੰਤਰ ਬਦਲ ਰਹੀ ਸਮਾਜਿਕ, ਆਰਥਿਕ, ਮਾਨਸਿਕ ਸਥਿਤੀ ਅਤੇ ਪਰਵਾਸੀ ਪੰਜਾਬੀ ਔਰਤ ਦੁਆਰਾ ਆਪਣੀ ਹੋਂਦ-ਹਸਤੀ ਦੀ ਪਛਾਣ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਆਪਣੇ ਕਲੇਵਰ ਵਿੱਚ ਲੈਂਦੀਆਂ ਹਨ। ਪ੍ਰਵੇਜ਼ ਸੰਧੂ ਦੀਆਂ ਕਹਾਣੀਆਂ ਤਿੰਨ ਪੀੜ੍ਹੀਆਂ ਦੀ ਪੰਜਾਬੀ ਔਰਤ ਦੀ ਮਾਨਸਿਕਤਾ ਨੂੰ ਤੁਲਨਾਤਮਕ ਪਰਿਪੇਖ ਵਿੱਚ ਰੱਖ ਕੇ ਪੇਸ਼ ਕਰਦੀਆਂ ਹਨ। ਪਹਿਲੀ ਪੀੜ੍ਹੀ ਦੀ ਔਰਤ ਪਾਤਰ ਪੰਜਾਬ ਵਿੱਚ ਰਹਿ ਰਹੀ ਉਹ ਪ੍ਰੰਪਰਕ ਆਦਰਸ਼ ਭਾਰਤੀ ਪੰਜਾਬੀ ਨਾਰੀ ਹੈ ਜਿਹੜੀ ਅਨਪੜ੍ਹ ਹੋਣ ਕਾਰਨ ਆਪਣੇ ਨਾਰੀ ਅਧਿਕਾਰਾਂ ਬਾਰੇ ਜਾਗਰੂਕ ਨਹੀਂ। ਪਿੱਤਰਕੀ ਪ੍ਰਬੰਧ ਦੀ ਸ਼ਿਕਾਰ ਇਹ ਔਰਤ ਪਾਤਰ ਔਰਤ ਨੂੰ ਗ਼ੁਲਾਮ ਬਣਾਉਣ ਵਾਲੀਆਂ ਰੂੜ੍ਹੀਵਾਦੀ ਕਦਰਾਂ-ਕੀਮਤਾਂ ਵਿੱਚ ਜਿੱਥੇ ਖ਼ੁਦ ਜਕੜੀ ਹੋਈ ਹੈ, ਉੱਥੇ ਉਹ ਆਪਣੀ ਧੀ ਜਿਹੜੀ ਕਿ ਦੂਜੀ ਪੀੜ੍ਹੀ ਦੀ ਔਰਤ ਹੈ, ਦੀ ਸੋਚ ਨੂੰ ਵੀ ਪਿੱਤਰਕੀ ਪ੍ਰਬੰਧ ਅਨੁਸਾਰ ਢਾਲਣਾ ਚਾਹੁੰਦੀ ਹੈ। ਪੈਤਰਿਕ ਮਾਨਸਿਕਤਾ ਕਾਰਨ ਉਹ ਘਰ, ਪਰਿਵਾਰ ਅਤੇ ਵਿਆਹ ਜਿਹੀਆਂ ਪਿੱਤਰਸੱਤਾਤਮਕ ਸੰਸਥਾਵਾਂ ਹੱਥੋਂ ਸ਼ੋਸ਼ਿਤ ਹੁੰਦੀ ਹੋਈ ਨਾ ਤਾਂ ਆਪਣੇ ਵਿਰੋਧੀ ਪ੍ਰਸਥਿਤੀਆਂ ਪ੍ਰਤੀ ਕੋਈ ਇਤਰਾਜ਼ ਜਤਾਉਂਦੀ ਹੈ ਅਤੇ ਨਾ ਹੀ ਆਪਣੀ ਸਥਿਤੀ ਨੂੰ ਬਦਲਣ ਲਈ ਕੋਈ ਰਾਹ ਤਲਾਸ਼ਦੀ ਹੈ। ਦੂਜੀ ਪੀੜ੍ਹੀ ਦੀ ਔਰਤ ਪਾਤਰ ਪੰਜਾਬ ਵਿੱਚ

ਜੰਮੀ-ਪਲੀ ਹੈ ਜਿਹੜੀ ਪਰਵਾਸ ਕਰਕੇ ਅਮਰੀਕਾ ਵਰਗੇ ਅਤਿ ਵਿਕਸਤ ਦੇਸ਼ ਵਿੱਚ ਵੱਸ ਚੁੱਕੀ ਹੈ। ਪਰਵਾਸੀ ਪੰਜਾਬੀ ਔਰਤ ਪਾਤਰ ਭਾਵੇਂ ਪੜ੍ਹੀ-ਲਿਖੀ, ਆਰਥਿਕ ਤੌਰ 'ਤੇ ਸਵੈ-ਨਿਰਭਰ ਅਤੇ ਪੱਛਮੀ ਸਭਿਆਚਾਰ ਵਿੱਚ ਨਾਰੀ ਨੂੰ ਮਿਲੇ ਅਧਿਕਾਰਾਂ ਪ੍ਰਤੀ ਵਾਕਫ਼ੀਅਤ ਵੀ ਰੱਖਦੀ ਹੈ ਪ੍ਰੰਤੂ ਬਾਵਜੂਦ ਇਸਦੇ ਉਸਦੀ ਮਾਨਸਿਕਤਾ ਪਿੱਤਰਸੱਤਾਤਮਕ ਮੁੱਲਾਂ ਅਤੇ ਰੂੜ੍ਹੀਵਾਦੀ ਪ੍ਰੰਪਰਾਵਾਂ ਦੀ ਕੈਦ ਵਿੱਚ ਜਕੜੀ ਨਜ਼ਰ ਆਉਂਦੀ ਹੈ। ਉਹ ਪੂਰਬੀ ਸਮਾਜ ਵਿਚਲੇ ਪ੍ਰੰਪਰਕ ਸੰਸਕਾਰਾਂ ਪ੍ਰਤੀ ਵਫ਼ਾਦਾਰੀ ਪਾਲਦੀ ਅਤੇ ਮਰਦ ਪਤੀ ਦੀਆਂ ਵਧੀਕੀਆਂ ਨੂੰ ਝੱਲਦੀ ਹੋਈ ਨਿਰੰਤਰ ਮਾਨਸਿਕ ਤਣਾਉ ਨੂੰ ਭੋਗਦੀ ਹੈ। ਪੱਛਮੀ ਸਮਾਜ ਜਿਹੜਾ ਕਿ ਨਾਰੀ ਦੇ ਹੱਕਾਂ ਤੇ ਅਧਿਕਾਰਾਂ ਪ੍ਰਤੀ ਵਧੇਰੇ ਸੁਚੇਤ ਹੈ, ਦਾ ਹਿੱਸਾ ਬਣ ਕੇ ਵੀ ਉਹ ਪਿੱਤਰੀ ਸਾਮੰਤੀ ਕੀਮਤਾਂ ਨੂੰ ਆਪਣੀ ਮਾਨਸਿਕਤਾ ਵਿੱਚੋਂ ਖਾਰਜ ਨਹੀਂ ਕਰ ਸਕੀ। ਉਹ ਵਿਆਹ, ਪਤੀ, ਬੱਚੇ ਅਤੇ ਪਰਿਵਾਰ ਜਿਹੀਆਂ ਸਮਾਜਿਕ ਇਕਾਈਆਂ ਨੂੰ ਆਪਣੀ ਹੋਂਦ ਅਤੇ ਪਛਾਣ ਦਾ ਆਧਾਰ ਮੰਨਦੀ ਹੈ ਅਤੇ ਇਹਨਾਂ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਆਪਣੀ ਦਮਿਤ ਸਥਿਤੀ ਨਾਲ ਸਮਝੌਤਾ ਕਰ ਲੈਂਦੀ ਹੈ। ਇਹ ਔਰਤ ਪਾਤਰ ਉਦੋਂ ਹੋਰ ਵੀ ਵਿਸ਼ਾਦਗ੍ਰਸਤ ਸਥਿਤੀ ਵਿੱਚੋਂ ਗੁਜ਼ਰਦੀ ਹੈ ਜਦੋਂ ਉਹ ਪੱਛਮੀ ਸਭਿਆਚਾਰ ਵਿਚਲੀ ਵਿਅਕਤੀਗਤ ਆਜ਼ਾਦੀ ਨੂੰ ਮਾਨਣ ਦੀ ਚਾਹਤ ਅਤੇ ਪੂਰਬੀ ਸਭਿਆਚਾਰਕ ਕਦਰਾਂ-ਕੀਮਤਾਂ ਤੋਂ ਦੂਰ ਚਲੇ ਜਾਣ ਦੇ ਫਲਸਰੂਪ ਪਿੱਤਰੀ ਮਾਨਸਿਕਤਾ ਵਾਲੇ ਪਤੀ ਦੇ ਗੁੱਸੇ ਅਤੇ ਕੁਰੱਖ਼ਤ ਰਵੱਈਏ ਦੀ ਸ਼ਿਕਾਰ ਹੁੰਦੀ ਹੈ। ਉਹ ਆਪਣੀ ਹੋਂਦ ਮੂਲਕ ਅਸਤਿਤਵੀ ਲੜਾਈ ਵਿੱਚ ਮਰਦ ਪਤੀ ਅਤੇ ਪਿੱਤਰੀ ਸਮਾਜ ਨਾਲ ਦਵੰਦ ਅਤੇ ਟਕਰਾਓ ਦੀ ਸਥਿਤੀ ਵਿੱਚ ਵਿਚਰਦੀ ਹੈ। ਪ੍ਰਵੇਜ਼ ਸੰਧੂ ਦੀਆਂ ਕਹਾਣੀਆਂ ਵਿਚਲੀ ਤੀਜੀ ਪੀੜ੍ਹੀ ਦੀ ਪਰਵਾਸੀ ਪੰਜਾਬੀ ਔਰਤ ਪਾਤਰ ਨਾਰੀਵਾਦੀ ਨਜ਼ਰੀਏ ਤੋਂ ਚੇਤੰਨ ਔਰਤ ਵਜੋਂ ਸਾਹਮਣੇ ਆਉਂਦੀ ਹੈ। ਪੱਛਮੀ ਸਭਿਆਚਾਰ ਦੀ ਜੰਮਪਲ ਹੋਣ ਕਾਰਨ ਉਸ ਦੀ ਮਾਨਸਿਕਤਾ ਵੀ ਪੱਛਮੀ ਸਮਾਜ ਵਿਚਲੇ ਮੁੱਲ-ਪ੍ਰਬੰਧ ਤੋਂ ਪ੍ਰਭਾਵਿਤ ਹੈ। ਉਹ ਪੂਰਬੀ ਸਭਿਆਚਾਰ ਵਿਚਲੀਆਂ ਰੂੜ੍ਹੀਵਾਦੀ ਕਦਰਾਂ-ਕੀਮਤਾਂ ਨੂੰ ਮੁੱਢੋਂ ਰੱਦ ਕਰਦੀ ਦਿਖਾਈ ਦਿੰਦੀ ਹੈ। ਉਹ ਆਪਣੀ ਜ਼ਿੰਦਗੀ ਨੂੰ ਮਨਇੱਛਤ ਢੰਗ ਨਾਲ ਜਿਊਣ ਦੀ ਇਛੁੱਕ ਹੈ। ਉਹ ਆਪਣੀ ਵਿਅਕਤੀਗਤ ਆਜ਼ਾਦੀ ਤੇ ਸੁਤੰਤਰ ਹੋਂਦ ਨੂੰ ਦਬਾਉਣ ਵਾਲੇ ਪਿੱਤਰੀ ਸੋਚ ਨੂੰ ਪ੍ਰਣਾਏ ਮਰਦ (ਪਿਤਾ, ਭਰਾ ਅਤੇ ਪਤੀ) ਦਾ ਵਿਰੋਧ ਕਰਦੀ ਹੋਈ ਬਗ਼ਾਵਤ ਤੇ ਉੱਤਰ ਆਉਂਦੀ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਅਮਰੀਕਾ ਵਰਗੇ ਅਤਿ ਵਿਕਸਤ ਅਤੇ ਅਗਾਂਹਵਧੂ ਵਿਚਾਰਧਾਰਾ ਵਾਲੇ ਦੇਸ਼/ਸਮਾਜ ਵਿੱਚ ਪਹੁੰਚ ਕੇ ਵੀ ਪਰਵਾਸੀ ਪੰਜਾਬੀ ਮਰਦ ਆਪਣੀ ਪਿੱਤਰੀ ਸੋਚ ਅਤੇ ਵਿਵਹਾਰ ਬਦਲਣ ਲਈ ਤਿਆਰ ਨਹੀਂ। ਪਰਵਾਸੀ ਪੰਜਾਬੀ ਮਰਦ ਦੇ ਪੈਤਰਿਕ ਰਵੱਈਏ ਦਾ ਸੰਤਾਪ ਦੂਜੀ ਪੀੜ੍ਹੀ ਦੀ ਪਰਵਾਸੀ ਪੰਜਾਬੀ ਔਰਤ ਦੇ ਨਾਲ-ਨਾਲ ਤੀਜੀ ਪੀੜ੍ਹੀ ਦੀ ਔਰਤ ਨੂੰ ਵੀ ਝੱਲਣਾ ਪੈ ਰਿਹਾ ਹੈ। ਪਰਵਾਸੀ ਪੰਜਾਬੀ ਮਰਦ ਖ਼ੁਦ ਤਾਂ ਪੱਛਮੀ

ਸਭਿਆਚਾਰ ਦੀਆਂ ਖੁੱਲ੍ਹਾਂ ਮਾਨਣ ਦਾ ਇਛੁੱਕ ਹੈ ਪ੍ਰੰਤੂ ਆਪਣੀ ਪਤਨੀ ਅਤੇ ਧੀ ਉੱਪਰ ਪੂਰਬੀ ਕਦਰਾਂ-ਕੀਮਤਾਂ, ਪ੍ਰਤਿਮਾਨਾਂ ਅਤੇ ਵਰਜਣਾਵਾਂ ਨੂੰ ਲਾਗੂ ਕਰਨਾ ਚਾਹੁੰਦਾ ਹੈ ਜਿਸਦੇ ਸਿੱਟੇ ਵਜੋਂ ਉਹਨਾਂ ਦੇ ਆਪਸੀ ਰਿਸ਼ਤਿਆਂ ਵਿੱਚ ਤਣਾਉ ਵਾਪਰਦਾ ਹੈ। ਪ੍ਰਵੇਜ਼ ਸੰਧੂ ਆਪਣੀਆਂ ਕਹਾਣੀਆਂ ਵਿੱਚ ਪੰਜਾਬੀ ਔਰਤ ਅਤੇ ਪੱਛਮੀ ਔਰਤ ਦੇ ਮਾਨਸਿਕ ਵਖਰੇਵੇਂ ਨੂੰ ਵੀ ਦੋ ਵਿਭਿੰਨ ਸੰਸਕ੍ਰਿਤੀਆਂ ਦੇ ਤੁਲਨਾਤਮਕ ਪ੍ਰਸੰਗ ਰਾਹੀਂ ਉਭਾਰਦੀ ਹੈ। ਇਹਨਾਂ ਕਹਾਣੀਆਂ ਵਿੱਚ ਪੇਸ਼ ਪੱਛਮੀ ਔਰਤ ਪਾਤਰਾਂ ਪੂਰਬੀ ਪੰਜਾਬੀ ਔਰਤ ਪਾਤਰਾਂ ਦੀ ਨਿਸਬਤਨ ਆਪਣੇ ਜੀਵਨ, ਵਿਅਕਤੀਗਤ ਇੱਛਾਵਾਂ ਅਤੇ ਰਿਸ਼ਤਿਆਂ ਪ੍ਰਤੀ ਵਧੇਰੇ ਉਦਾਰ ਅਤੇ ਤਰਕਸ਼ੀਲ ਦ੍ਰਿਸ਼ਟੀਕੋਣ ਰੱਖਦੀਆਂ ਹਨ। ਪੂਰਬੀ ਪੰਜਾਬੀ ਔਰਤ ਪਾਤਰਾਂ ਦੀ ਸੋਚ ਸੀਮਤ, ਅੰਤਰਮੁਖੀ ਅਤੇ ਪਿੱਤਰਕੀ ਕੀਮਤਾਂ ਅਨੁਸਾਰੀ ਹੈ। ਪੂਰਬੀ ਔਰਤ ਜਿੱਥੇ ਵਿਆਹ, ਘਰ, ਪਰਿਵਾਰ, ਪਤੀ, ਬੱਚੇ ਆਦਿ ਸੰਬੰਧੀ ਪਿੱਤਰਸੱਤਾ ਦੁਆਰਾ ਸਿਰਜਤ ਪ੍ਰਵਚਨਾਂ ਦੀ ਸ਼ਿਕਾਰ ਹੈ, ਉੱਥੇ ਪੱਛਮੀ ਔਰਤ ਇਹਨਾਂ ਸਮਾਜ ਸਿਰਜਤ ਇਕਾਈਆਂ ਨੂੰ ਆਪਣੇ ਵੱਖਰੇ ਜਾਵੀਏ ਤੋਂ ਦੇਖਦੀ ਹੈ। ਉਹ ਨਾ ਤਾਂ ਪੂਰਬੀ ਪੰਜਾਬੀ ਔਰਤ ਵਾਂਗ ਮਰਦ ਪਤੀ ਦੀਆਂ ਜ਼ਿਆਦਤੀਆਂ ਨੂੰ ਬਰਦਾਸ਼ਤ ਕਰਦੀ ਹੈ ਅਤੇ ਨਾ ਹੀ ਆਪਣੀ ਹੋਂਦ ਅਤੇ ਪਛਾਣ ਨੂੰ ਕੇਵਲ ਘਰ, ਪਰਿਵਾਰ, ਪਤੀ, ਬੱਚਿਆਂ ਆਦਿ ਨਾਲ ਜੋੜ ਕੇ ਦੇਖਦੀ ਹੋਈ ਉਲਾਰੂ ਭਾਵੁਕਤਾ ਦੀ ਸ਼ਿਕਾਰ ਹੁੰਦੀ ਹੈ। ਉਹ ਆਪਣੀ ਅਸਤਿਤਵੀ ਆਜ਼ਾਦੀ ਅਤੇ ਸਵੈਮਾਣ ਨੂੰ ਬਰਕਰਾਰ ਰੱਖਣ ਲਈ ਮਰਦ ਪਤੀ ਨਾਲ ਬਰਾਬਰ ਧਰਾਤਲ ਤੇ ਰਿਸ਼ਤਾ ਜੋੜਨ ਨੂੰ ਤਰਜੀਹ ਦਿੰਦੀ ਹੈ। ਜੇਕਰ ਅਜਿਹਾ ਨਹੀਂ ਵਾਪਰਦਾ ਤਾਂ ਉਹ ਅਜਿਹੇ ਰਿਸ਼ਤੇ ਨੂੰ ਖ਼ਤਮ ਕਰਨ ਵਿੱਚ ਦੋਵਾਂ ਧਿਰਾਂ ਦੀ ਭਲਾਈ ਸਮਝਦੀ ਹੈ। ਇਸਦੇ ਉਲਟ ਪਰਵਾਸੀ ਪੰਜਾਬੀ ਪਤਨੀ ਇਹਨਾਂ ਰਿਸ਼ਤਿਆਂ ਨੂੰ ਆਪਣੀ ਸਮਾਜਿਕ ਪਛਾਣ ਦਾ ਆਧਾਰ ਮੰਨਦੀ ਹੋਈ ਹਰ ਕੀਮਤ ’ਤੇ ਇਹਨਾਂ ਨੂੰ ਬਚਾਈ ਰੱਖਣਾ ਚਾਹੁੰਦੀ ਹੈ। ਪੱਛਮੀ ਸਭਿਆਚਾਰ ਦਾ ਹਿੱਸਾ ਬਣ ਕੇ ਵੀ ਉਹ ਪੱਛਮੀ ਔਰਤ ਵਾਂਗ ਰਿਸ਼ਤਿਆਂ ਪ੍ਰਤੀ ਉਦਾਰ ਦ੍ਰਿਸ਼ਟੀਕੋਣ ਅਪਣਾਉਣ ਤੋਂ ਕਤਰਾਉਂਦੀ ਹੈ। ਪ੍ਰਵੇਜ਼ ਸੰਧੂ ਆਪਣੀ ਕਹਾਣੀ ਰਾਹੀਂ ਪੂਰਬੀ ਅਤੇ ਪੱਛਮੀ ਸਮਾਜ ਵਿੱਚ ਲੈਸਬੀਅਨ ਸੰਬੰਧਾਂ ਦੇ ਸਭਿਆਚਾਰਕ ਸੰਕਟ ਨੂੰ ਰੂਪਮਾਨ ਕਰਦੀ ਹੋਈ ਜਿੱਥੇ ਪਿੱਤਰਸੱਤਾ ਦੁਆਰਾ ਸਿਰਜਿਤ ਔਰਤ-ਮਰਦ ਰਿਸ਼ਤੇ ਦੇ ਸਭਿਆਚਾਰਕ ਤਰਕ ਨੂੰ ਵਿਸਥਾਪਤ ਕਰਦੀ ਹੈ, ਉੱਥੇ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਔਰਤ ਦੇ ਔਰਤ ਨਾਲ ਲੈਸਬੀਅਨ ਰਿਸ਼ਤੇ ਨੂੰ ਵਧੇਰੇ ਪ੍ਰਤੀਬੱਧ ਅਤੇ ਪ੍ਰਮਾਣਿਕ ਰਿਸ਼ਤੇ ਵਜੋਂ ਪੇਸ਼ ਕਰਦੀ ਹੈ।

ਪ੍ਰਵੇਜ਼ ਸੰਧੂ ਦੀਆਂ ਕਹਾਣੀਆਂ ਜਿੱਥੇ ਪੂਰਬੀ ਅਤੇ ਪੱਛਮੀ ਸਭਿਆਚਾਰਕ ਮੁੱਲਾਂ ਦੇ ਪਰਸਪਰ ਵਿਰੋਧ ਕਾਰਨ ਪਰਵਾਸੀ ਪੰਜਾਬੀ ਔਰਤ-ਮਰਦ ਸੰਬੰਧਾਂ ਵਿੱਚ ਪੈਦਾ ਹੋ ਰਹੇ ਤਣਾਉ ਦੇ ਫਲਸਰੂਪ ਪਰਵਾਸੀ ਪੰਜਾਬੀ ਔਰਤ ਦੁਆਰਾ ਭੋਗੇ ਜਾ ਰਹੇ ਸੰਤਾਪ ਨੂੰ ਪੇਸ਼ ਕਰਦੀਆਂ ਹਨ, ਉੱਥੇ ਰਾਣੀ ਨਗਿੰਦਰ

ਦੀਆਂ ਕਹਾਣੀਆਂ ਨਵ-ਪੂੰਜੀਵਾਦੀ ਦੌਰ ਵਿੱਚ ਉਪਭੋਗਤਾਵਾਦੀ ਅਤੇ ਨਿੱਜਵਾਦੀ ਮਾਹੌਲ ਕਾਰਨ ਪਤੀ-ਪਤਨੀ ਸੰਬੰਧਾਂ ਵਿੱਚ ਪੈਦਾ ਹੋ ਰਹੇ ਸੰਕਟ ਅਤੇ ਇਸ ਵਰਤਾਰੇ ਤੋਂ ਪ੍ਰਭਾਵਿਤ ਹੋ ਰਹੀ ਦੂਜੀ ਪੀੜ੍ਹੀ ਦੀ ਭਾਰਤੀ ਤੇ ਪਰਵਾਸੀ ਪੰਜਾਬੀ ਔਰਤ ਦੀ ਮਨੋਸਥਿਤੀ ਨੂੰ ਰੂਪਮਾਨ ਕਰਦੀਆਂ ਹਨ। ਰਾਣੀ ਨਗਿੰਦਰ ਦੀਆਂ ਕਹਾਣੀਆਂ ਵਿੱਚ ਪੇਸ਼ ਔਰਤ ਪਾਤਰਾਂ ਪਦਾਰਥ ਅਤੇ ਪੈਸੇ ਦੀ ਦੌੜ ਵਿੱਚ ਖਚਿਤ ਮਰਦ ਪਤੀ ਦੀ ਉਪਭੋਗੀ ਮਾਨਸਿਕਤਾ ਅਤੇ ਪਿੱਤਰਕੀ ਵਿਵਹਾਰ ਤੋਂ ਦੁਖੀ ਹੋ ਕੇ ਨਿਰੰਤਰ ਮਾਨਸਿਕ ਤਣਾਉ ਵਿੱਚ ਘਿਰੀਆਂ ਦਿਖਾਈ ਦਿੰਦੀਆਂ ਹਨ। ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਦੇਖੀਏ ਤਾਂ ਪੂਰਬੀ ਅਤੇ ਪੱਛਮੀ ਸਮਾਜ ਵਿੱਚ ਵਿਚਰ ਰਹੀਆਂ ਇਹਨਾਂ ਔਰਤ ਪਾਤਰਾਂ ਦਾ ਦੁੱਖ ਬਾਹਰੀ ਪ੍ਰਸਥਿਤੀਆਂ ਨਾਲੋਂ ਕਿਤੇ ਵੱਧ ਉਹਨਾਂ ਦੀ ਸਵੈ-ਵਿਰੋਧੀ ਮਾਨਸਿਕ ਅਵਸਥਾ ਵਿੱਚੋਂ ਉਪਜਦਾ ਹੈ। ਉਹ ਆਪਣੀ ਜ਼ਿੰਦਗੀ ਅਤੇ ਖ਼ੁਸ਼ੀ ਦੇ ਅਰਥ ਮਰਦ ਪਤੀ ਵਿੱਚੋਂ ਤਲਾਸ਼ ਰਹੀਆਂ ਹਨ। ਪਿੱਤਰਕੀ ਸੋਚ ਨੂੰ ਪ੍ਰਣਾਈਆਂ ਹੋਣ ਕਾਰਨ ਇਹ ਪਾਤਰਾਂ ਪਤੀ ਵੱਲੋਂ ਅਣਗੌਲੇ ਜਾਣ ਦੀ ਸੂਰਤ ਵਿੱਚ ਇਕੱਲਤਾ, ਵੈਰਾਨਗੀ ਅਤੇ ਬੇਗਾਨਗੀ ਦਾ ਸੰਤਾਪ ਹੰਢਾਉਂਦੀਆਂ ਹੋਈਆਂ ਵੀ ਉਸ ਨਾਲ ਰਿਸ਼ਤਾ ਬਣਾਈ ਰੱਖਣਾ ਚਾਹੁੰਦੀਆਂ ਹਨ ਜਦੋਂਕਿ ਪਿੱਤਰਕੀ ਮਾਨਸਿਕਤਾ ਵਾਲਾ ਪਤੀ ਪਤਨੀ ਦੀਆਂ ਸਰੀਰਕ, ਮਾਨਸਿਕ ਲੋੜਾਂ ਨਾਲ ਕੋਈ ਸਰੋਕਾਰ ਨਹੀਂ ਰੱਖਦਾ।

ਰਾਣੀ ਨਗਿੰਦਰ ਦੀਆਂ ਕਹਾਣੀਆਂ ਵਿੱਚ ਚੇਤੰਨ ਔਰਤ ਪਾਤਰਾਂ ਦੀ ਪੇਸ਼ਕਾਰੀ ਵੀ ਹੋਈ ਮਿਲਦੀ ਹੈ ਜਿਹੜੀਆਂ ਮਰਦ ਪਤੀ ਨਾਲ ਬਰਾਬਰ ਦੇ ਧਰਾਤਲ ’ਤੇ ਰਿਸ਼ਤਾ ਸਥਾਪਿਤ ਕਰਨਾ ਚਾਹੁੰਦੀਆਂ ਹਨ। ਉਹ ਪਿੱਤਰਸੱਤਾਤਮਕ ਸੋਚ ਵਾਲੇ ਮਰਦ ਪਤੀ ਦੀ ਅਧੀਨਗੀ ਮੰਨਣ ਤੋਂ ਇਨਕਾਰੀ ਹੁੰਦੀਆਂ ਹੋਈਆਂ ਉਸਦੀ ਮਰਦਾਵੀਂ ਹਉਂ ਨੂੰ ਚੁਣੌਤੀ ਦਿੰਦੀਆਂ ਹਨ। ਰਾਣੀ ਨਗਿੰਦਰ ਆਪਣੀਆਂ ਕਹਾਣੀਆਂ ਰਾਹੀਂ ਮਰਦ ਦੀ ਔਰਤ ਨੂੰ ਦੇਹ ਸਮਝਣ ਵਾਲੀ ਪਿੱਤਰਕੀ ਮਾਨਸਿਕਤਾ ਨੂੰ ਵੀ ਨੰਗਾ ਕਰਦੀ ਹੈ। ਉਸਦੀਆਂ ਕਹਾਣੀਆਂ ਵਿਚਲੇ ਮਰਦ ਪਾਤਰਾਂ ਦੀ ਦ੍ਰਿਸ਼ਟੀ ਔਰਤ ਦੀ ਸੁਤੰਤਰ ਮਾਨਵੀ ਹੋਂਦ ਨੂੰ ਪਛਾਣਨ ਤੋਂ ਇਨਕਾਰੀ ਹੈ। ਲੇਕਿਨ ਉਸਦੀਆਂ ਜਾਗਰੂਕ ਔਰਤ ਪਾਤਰਾਂ ਆਪਣੀ ਮਾਨਵੀ ਹੋਂਦ ਦੀ ਸਵੀਕ੍ਰਿਤੀ ਲਈ ਮਰਦ ਦੀ ਔਰਤ ਨੂੰ ਉਪਭੋਗ ਦੀ ਵਸਤ ਤੱਕ ਘਟਾ ਦੇਣ ਵਾਲੀ ਸੰਕੁਚਿਤ ਪਿੱਤਰੀ ਸੋਚ ਨੂੰ ਵੰਗਾਰਦੀਆਂ ਹਨ।

0-0-0

## ਹਵਾਲੇ ਤੇ ਟਿੱਪਣੀਆਂ


1. ਡਾ. ਹਰਚੰਦ ਸਿੰਘ ਬੇਦੀ, ਔਰਤਾਂ ਦੀਆਂ ਕਹਾਣੀਆਂ, ਪਰਵਾਸੀ ਪੰਜਾਬੀ ਕਹਾਣੀ (ਭਾਗ ਪਹਿਲਾ), ਪੰਨਾ 49
2. ਪ੍ਰੇਮ ਪ੍ਰਕਾਸ਼, ਮੁੱਠੀ ਭਰ ਸੁਪਨੇ, ਟਾਈਟਲ ਪੇਜ
3. ਪਰਵੇਜ਼ ਸੰਧੂ, ਟਾਹਣੀਉਂ ਟੁੱਟੇ, ਪੰਨਾ 15
4. ਉਹੀ, ਪੰਨਾ 15
5. ਉਹੀ, ਪੰਨੇ 15-16
6. ਡਾ. ਹਰਚੰਦ ਸਿੰਘ ਬੇਦੀ, ਔਰਤਾਂ ਦੀਆਂ ਕਹਾਣੀਆਂ, ਪਰਵਾਸੀ ਪੰਜਾਬੀ ਕਹਾਣੀ (ਭਾਗ ਪਹਿਲਾ), ਪੰਨਾ 234
7. ਪਰਵੇਜ਼ ਸੰਧੂ, ਟਾਹਣੀਉਂ ਟੁੱਟੇ, ਪੰਨਾ 26
8. ਚੀਮਾਮੰਡਾ ਨਗੋਜ਼ੀ ਐਡੀਚੇ, ਨਾਰੀਵਾਦੀ ਮੈਨੀਫੈਸਟੋ (ਅਨੁ. ਸਵਰਾਜਬੀਰ), ਪੰਜਾਬੀ ਟ੍ਰਿਬਿਊਨ, 8 ਮਾਰਚ, 2020
9. ਪਰਵੇਜ਼ ਸੰਧੂ, ਟਾਹਣੀਉਂ ਟੁੱਟੇ, ਪੰਨਾ 29
10. ਉਹੀ, ਪੰਨਾ 29
11. ਜਗਦੀਸ਼ਵਰ ਚਤੁਰਵੇਦੀ, ਸੁਧਾ ਸਿੰਘ, ਕਾਮੁਕਤਾ ਪੋਨਰੋਗ੍ਰਾਫੀ ਅਤੇ ਇਸਤਰੀਵਾਦ, ਪੰਨੇ 271-272 ਤੋਂ ਉੱਧਰਿਤ
12. ਉਹੀ, ਪੰਨਾ 29
13 ਉਹੀ, ਪੰਨਾ 33
14. ਉਹੀ, ਪੰਨਾ 97
15. ਉਹੀ, ਪੰਨਾ 94
16. ਉਹੀ, ਪੰਨਾ 101
17. ਰਾਣੀ ਨਗਿੰਦਰ ਕੌਰ, ਗਰਾਊਂਡ ਜ਼ੀਰੋ, ਪੰਨੇ 86-87
18. ਉਹੀ, ਪੰਨਾ 86
19. ਉਹੀ, ਪੰਨਾ 88
20. ਉਹੀ, ਪੰਨਾ 90

21. ਉਹੀ, ਪੰਨਾ 42

22. ਡਾ. ਹਰਚੰਦ ਸਿੰਘ ਬੇਦੀ, ਔਰਤਾਂ ਦੀਆਂ ਕਹਾਣੀਆਂ, ਪਰਵਾਸੀ ਪੰਜਾਬੀ ਕਹਾਣੀ (ਭਾਗ ਪਹਿਲਾ), ਪੰਨਾ 23

23. ਔਰਤ ਦੀ ਆਜ਼ਾਦੀ ਦਾ ਸੰਗਰਾਮ, ਸੰਦੀਪ ਕੌਰ (ਡਾ.), ਨਿਰਵੈਰ ਸਿੰਘ, ਪੰਨਾ 103 ਤੋਂ ਉੱਧਰਿਤ

24. ਰਾਣੀ ਨਗਿੰਦਰ ਕੌਰ, ਗਰਾਊਂਡ ਜ਼ੀਰੋ, ਪੰਨਾ 46

25. Quoted by Joseph Baristow, Sexuality, p.7

26. ਸਮਦਰਸ਼ੀ ਅੰਕ-111, (ਦੋਮਾਸਿਕ), ਅਗਸਤ-ਸਤੰਬਰ, 2009, ਪੰਨਾ 65

27. Vincent B.Leitch (General Editor), The Norton Anthology of Theory and criticism, p.1761

28. ਪਰਵੇਜ਼ ਸੰਧੂ, ਟਾਹਣੀਉਂ ਟੁੱਟੇ, ਪੰਨਾ 58

29. ਉਹੀ, ਪੰਨਾ 58

30. ਪਰਵੇਜ਼ ਸੰਧੂ, ਟਾਹਣੀਉਂ ਟੁੱਟੇ, ਪੰਨਾ 56

31. ਉਹੀ, ਪੰਨਾ 62

32. ਰਾਣੀ ਨਗਿੰਦਰ ਕੌਰ, ਗਰਾਊਂਡ ਜ਼ੀਰੋ, ਪੰਨਾ 59

33. ਉਹੀ, ਪੰਨਾ 60

34. ਉਹੀ, ਪੰਨਾ 71

35. ਮ੍ਰਿਦੁਲਾ ਸਿਨਹਾ, ਮਾਤਰ ਦੇਹ ਨਹੀਂ ਹੈ ਔਰਤ, ਪੰਨੇ 6-110

36. ਰਾਣੀ ਨਗਿੰਦਰ ਕੌਰ, ਗਰਾਊਂਡ ਜ਼ੀਰੋ, ਪੰਨਾ 72

37. ਉਹੀ, ਪੰਨਾ 73

38. ਉਹੀ, ਪੰਨਾ 74

39. ਉਹੀ, ਪੰਨਾ 117

40. ਉਹੀ, ਪੰਨਾ 117

41. ਤਸਲੀਮਾ ਨਸਰੀਨ, ਔਰਤ ਦੇ ਹੱਕ ਵਿੱਚ, (ਅਨੁ. ਡਾ. ਚਰਨਜੀਤ ਕੌਰ), ਪੰਨਾ 14

42. ਉਹੀ, ਪੰਨਾ 130

43. ਰਾਣੀ ਨਗਿੰਦਰ ਕੌਰ, ਗਰਾਊਂਡ ਜ਼ੀਰੋ, ਪੰਨੇ 32-33

44. ਉਹੀ, ਪੰਨਾ 32

45. ਵਰਜੀਨੀਆ ਵੁਲਫ਼, ਆਪਣਾ ਇਕ ਕਮਰਾ, (ਅਨੁ. ਮੋਜ਼ੇਜ਼ ਮਾਈਕਲ), ਪੰਨੇ 64-65

46. ਪਰਵੇਜ਼ ਸੰਧੂ, ਟਾਹਣੀਉਂ ਟੁੱਟੇ, ਪੰਨਾ 40

47. ਸੀਮੋਨ-ਦ-ਬੋਵਾਰ, ਇਸਤਰੀ ਉਪੇਖਸ਼ਿਤਾ, (ਅਨੁ. ਪ੍ਰਭਾ ਖੇਤਾਨ), ਪੰਨਾ 206

48. ਡਾ. ਹਰਚੰਦ ਸਿੰਘ ਬੇਦੀ, ਔਰਤਾਂ ਦੀਆਂ ਕਹਾਣੀਆਂ, ਹਿੰਦ-ਪਾਕਿ ਪੰਜਾਬੀ ਕਹਾਣੀ (ਭਾਗ ਦੂਜਾ), ਪੰਨਾ 13

49. ਪਰਵੇਜ਼ ਸੰਧੂ, ਟਾਹਣੀਉਂ ਟੁੱਟੇ, ਪੰਨਾ 43

50. ਉਹੀ, ਪੰਨੇ 85-86

51. ਜਗਦੀਸ਼ਵਰ ਚਤੁਰਵੇਦੀ, ਸੁਧਾ ਸਿੰਘ, ਕਾਮੁਕਤਾ ਪੋਨਰੋਗ੍ਰਫੀ ਅਤੇ ਇਸਤਰੀਵਾਦ, ਪੰਨਾ 159 ਤੋਂ ਉੱਧਰਿਤ

52. ਪਰਵੇਜ਼ ਸੰਧੂ, ਟਾਹਣੀਉਂ ਟੁੱਟੇ, ਪੰਨਾ 73

53. ਉਹੀ, ਪੰਨਾ 78

54. ਮਨੂੰ ਸਿਮਰਤੀ, (ਅਨੁ. ਪੰਡਿਤ ਗਿਰਜਾਪ੍ਰਸਾਦ ਦਿਵੇਦੀ), ਪੰਨੇ 186-97

55. ਪਰਵੇਜ਼ ਸੰਧੂ, ਟਾਹਣੀਉਂ ਟੁੱਟੇ, ਪੰਨਾ 78

56. ਡਾ. ਹਰਚੰਦ ਸਿੰਘ ਬੇਦੀ, ਔਰਤ ਦੀਆਂ ਕਹਾਣੀਆਂ, ਪਰਵਾਸੀ ਪੰਜਾਬੀ ਕਹਾਣੀ (ਭਾਗ ਪਹਿਲਾ), ਪੰਨਾ 106

57. ਪਰਵੇਜ਼ ਸੰਧੂ, ਟਾਹਣੀਉਂ ਟੁੱਟੇ, ਪੰਨੇ 76-77

58. ਰਾਣੀ ਨਗਿੰਦਰ ਕੌਰ, ਗਰਾਊਂਡ ਜ਼ੀਰੋ, ਪੰਨਾ 26

59. ਉਹੀ, ਪੰਨਾ 29

60. ਉਹੀ, ਪੰਨਾ 65

61. ਉਹੀ, ਪੰਨਾ 65

62. ਡਾ. ਹਰਚੰਦ ਸਿੰਘ ਬੇਦੀ, ਔਰਤਾਂ ਦੀਆਂ ਕਹਾਣੀਆਂ, ਪਰਵਾਸੀ ਪੰਜਾਬੀ ਕਹਾਣੀ (ਭਾਗ ਪਹਿਲਾ), ਪੰਨਾ 60

63. ਰਾਣੀ ਨਗਿੰਦਰ ਕੌਰ, ਗਰਾਊਂਡ ਜ਼ੀਰੋ, ਪੰਨਾ 65

64. ਉਹੀ, ਪੰਨਾ 66

65. ਉਹੀ, ਪੰਨਾ 67